Fair Advice Financial | Care Wealth Management Inc.
RDSP (Registered Disability Savings Plan)
Disabled person who is eligible for Disability Tax Credit.
And who is 49 years old or younger.
By contributing in an RDSP Plan he/she may be eligible to receive up to $90,000 in government bonds & grants.
Contact :
647-951-7900
SUKHWINDER NAHAL CFP, CLU Financial Planner
www.fairadvicefinancial.com
7900 Hurontario St., Suite 308, Brampton, ON, L6Y 0P6

ਕੈਨੇਡੀਅਨ
# ਪੰਜਾਬੀ ਪੋਸਟ
Award winning news paper | Canadian Punjabi Post

JOSHI LAW OFFICE
Barrister, Solicitor & Notary Public
- Immigration
- Real Estate
- Commercial Law
- Affidavit
- Power of Attorney
Rakesh M. Joshi B.A., LL.B
info@joshilawoffice.com | joshilawoffice.com
416-213-8600
6921 Steels Ave. W. Unit 11, Etobicoke, ON

To view our online newspaper visit **punjabipost.ca/epaper** | Vol 20* Issue 229 | Monday, November 22, 2021 | Tel: 905-793-2202 | Fax: 905-793-2282 | news@punjabipost.ca ਤੁਸੀਂ 'ਪੰਜਾਬੀ ਪੋਸਟ' Onlineਰੋਜ਼ਾਨਾ ਪੜ੍ਹ ਸਕਦੇ ਹੋ

## ਕੰਜ਼ਰਵੇਟਿਵ ਐਮਪੀ ਦੇ ਪਾਜ਼ੀਟਿਵ ਆਉਣ ਤੋਂ ਬਾਅਦ ਟੋਰੀ ਐਮਪੀਜ਼ ਦਾ ਵੈਕਸੀਨੇਸ਼ਨ ਸਟੇਟਸ ਮੁੜ ਨਿਸ਼ਾਨੇ ਉੱਤੇ

ਓਟਵਾ, 21 ਨਵੰਬਰ (ਪੋਸਟ ਬਿਊਰੋ) : ਪਾਰਲੀਆਮੈਂਟ ਦਾ ਨਵਾਂ ਸੈਸ਼ਨ ਸ਼ੁਰੂ ਹੋਣ ਤੋਂ ਇੱਕ ਦਿਨ ਪਹਿਲਾਂ ਕੰਜ਼ਰਵੇਟਿਵ ਐਮਪੀਜ਼ ਵਿੱਚੋਂ ਇੱਕ ਦੇ ਕੋਵਿਡ-19 ਪਾਜ਼ੀਟਿਵ ਪਾਏ ਜਾਣ ਤੋਂ ਬਾਅਦ ਇਨ੍ਹਾਂ ਐਮਪੀਜ਼ ਦੇ ਵੈਕਸੀਨੇਸ਼ਨ ਸਟੇਟਸ ਨੂੰ ਲੈ ਕੇ ਚਰਚਾ ਮੁੜ ਤੇਜ਼ ਹੋ ਗਈ ਹੈ।

ਕਿਊਬਿਕ ਤੋਂ ਐਮਪੀ ਰਿਚਰਡ ਲੇਹੌਕਸ ਦੇ ਕੋਵਿਡ-19 ਪਾਜ਼ੀਟਿਵ ਆਉਣ ਤੋਂ ਬਾਅਦ ਲਿਬਰਲਾਂ ਤੇ ਐਨਡੀਪੀ ਵੱਲੋਂ ਹਾਊਸ ਆਫ ਕਾਮਨਜ਼ ਦੇ ਹਾਈਬ੍ਰਿਡ ਫੌਰਮੈਟ ਨੂੰ ਜਾਰੀ ਰੱਖਣ ਲਈ ਦਬਾਅ ਪਾਇਆ ਗਿਆ। ਇਸ ਨਾਲ ਐਮਪੀਜ਼ ਨੂੰ ਵਰਚੂਅਲ ਤੌਰ ਉੱਤੇ ਸੰਸਦ ਦੀ ਕਾਰਵਾਈ ਵਿੱਚ ਹਿੱਸਾ ਲੈਣ ਦੀ ਖੁੱਲ੍ਹ ਮਿਲਦੀ ਹੈ।ਇਸ ਦੌਰਾਨ ਗਵਰਮੈਂਟ



ਹਾਊਸ ਲੀਡਰ ਮਾਰਕ ਹਾਲੈਂਡ ਨੇ ਐਤਵਾਰ ਨੂੰ ਆਖਿਆ ਕਿ ਹਾਊਸ ਆਫ ਕਾਮਨਜ਼ ਨੂੰ ਕੰਜ਼ਰਵੇਟਿਵ ਐਮਪੀਜ਼ ਵੱਲੋਂ ਮੈਡੀਕਲ ਛੋਟ ਦੇ ਕੀਤੇ ਦਾਅਵਿਆਂ ਦੀ ਵੈਧਤਾ ਨੂੰ ਜਾਂਚਣ ਲਈ ਕੋਈ ਸਿਸਟਮ ਵੀ ਅਪਨਾਉਣਾ ਚਾਹੀਦਾ ਹੈ।

ਕੰਜ਼ਰਵੇਟਿਵ ਆਗੂ ਐਰਿਨ ਓਟੂਲ ਨੇ ਆਖਿਆ ਕਿ ਉਹ ਤੇ ਉਨ੍ਹਾਂ ਦੇ 118 ਐਮਪੀਜ਼ ਹਾਊਸ ਵਿੱਚ ਹੋਣਗੇ ਜਦੋਂ ਸੋਮਵਾਰ ਨੂੰ ਹਾਊਸ ਦੀ ਕਾਰਵਾਈ ਸ਼ੁਰੂ ਹੋਵੇਗੀ। ਉਨ੍ਹਾਂ ਆਖਿਆ ਕਿ ਇਨ੍ਹਾਂ ਵਿੱਚ ਉਹ ਐਮਪੀਜ਼ ਵੀ ਸ਼ਾਮਲ ਹੋਣਗੇ ਜਿਨ੍ਹਾਂ ਦਾ ਟੀਕਾਕਰਣ ਹੋ ਚੁੱਕਿਆ ਹੈ ਤੇ ਉਹ ਵੀ ਸ਼ਾਮਲ ਹੋਣਗੇ ਜਿਨ੍ਹਾਂ ਕੋਲ ਮੈਡੀਕਲ ਛੋਟ ਹੈ। ਉਨ੍ਹਾਂ ਨੇ ਇੱਕ ਵਾਰੀ ਫਿਰ ਇਹ ਦੱਸਣ ਤੋਂ ਇਨਕਾਰ ਕਰ ਦਿੱਤਾ ਕਿ ਉਨ੍ਹਾਂ ਦੇ ਕਿੰਨੇ ਐਮਪੀਜ਼ ਪੂਰੀ ਤਰ੍ਹਾਂ ਵੈਕਸੀਨੇਟਿਡ ਨਹੀਂ ਹਨ।

ਪਰ ਓਟੂਲ ਵੱਲੋਂ ਇਹ ਦਾਅਵੇ ਸ਼ਨਿੱਚਰਵਾਰ ਤੋਂ ਪਹਿਲਾਂ ਲੇਹੌਕਸ ਦੇ ਪਾਜ਼ੀਟਿਵ ਆਉਣ ਤੋਂ ਪਹਿਲਾਂ ਕੀਤੇ ਗਏ ਸਨ। ਇੱਥੇ ਦੱਸਣਾ ਬਣਦਾ ਹੈ ਕਿ ਲੇਹੌਕਸ ਦਾ ਪੂਰਾ ਟੀਕਾਕਰਣ ਹੋ ਚੁੱਕਿਆ ਹੈ ਪਰ ਇਸ ਦੇ ਬਾਵਜੂਦ ਉਹ ਪਾਜ਼ੀਟਿਵ ਆਏ। ਕੰਜ਼ਰਵੇਟਿਵ ਤਰਜ਼ਮਾਨ ਜੋਸੀ ਸਾਬਾਤੀਨੋ ਨੇ ਇਸ ਗੱਲ ਦੀ ਪੁਸ਼ਟੀ ਕੀਤੀ ਕਿ ਬੁੱਧਵਾਰ ਤੇ ਵੀਰਵਾਰ ਨੂੰ ਕਾਕਸ ਦੀ ਇਨ ਪਰਸਨ ਰਟਰੀਟ ਵਿੱਚ ਹਿੱਸਾ ਲੈਣ ਤੋਂ ਬਾਅਦ ਲੇਹੌਕਸ ਪਾਜ਼ੀਟਿਵ ਆਏ। ਉਨ੍ਹਾਂ ਇਹ ਨਹੀਂ ਦੱਸਿਆ ਕਿ ਉਨ੍ਹਾਂ ਦੇ ਨੇੜਲੇ ਸੰਪਰਕ ਵਿੱਚ ਕਿੰਨੇ ਕੰਜ਼ਰਵੇਟਿਵ ਐਮਪੀਜ਼ ਆਏ ਹੋਣਗੇ ਤੇ ਕਿੰਨਿਆਂ ਨੂੰ ਹੁਣ ਸੈਲਫ ਆਈਸੋਲੇਟ ਕਰਨ ਦੀ ਲੋੜ ਹੈ।

## ਬੱਚਿਆਂ ਲਈ ਕੋਵਿਡ-19 ਵੈਕਸੀਨ ਦੀਆਂ ਡੋਜ਼ਾਂ ਲੈ ਕੇ ਜਹਾਜ਼ ਕੈਨੇਡਾ ਪਹੁੰਚਿਆ

ਹੈਮਿਲਟਨ, 21 ਨਵੰਬਰ (ਪੋਸਟ ਬਿਊਰੋ) : ਬੱਚਿਆਂ ਲਈ ਕੋਵਿਡ-19 ਵੈਕਸੀਨ ਲੈ ਕੇ ਪਹਿਲਾ ਜਹਾਜ਼ ਐਤਵਾਰ ਨੂੰ ਕੈਨੇਡਾ ਲੈਂਡ ਕਰ ਗਿਆ। ਇਸ ਨਾਲ ਇੱਕ ਵਾਰੀ ਫਿਰ ਪ੍ਰੋਵਿੰਸਿਜ਼ ਤੇ ਟੈਰੇਟਰੀਜ਼ ਨੂੰ ਇਮਿਊਨਾਈਜ਼ੇਸ਼ਨ ਕੈਂਪੇਨ ਦੇ ਅਗਲੇ ਪੜਾਅ ਵਿੱਚ ਦਾਖਲ ਹੋਣ ਲਈ ਕਮਰ ਕੱਸਣੀ ਹੋਵੇਗੀ।

ਯੂਪੀਐਸ ਦਾ ਇੱਕ ਜਹਾਜ਼ ਬੱਚਿਆਂ ਲਈ ਹਜ਼ਾਰਾਂ ਡੋਜ਼ਾਂ ਲੈ ਕੇ ਹੈਮਿਲਟਨ ਦੇ ਏਅਰਪੋਰਟ ਉੱਤੇ ਲੈਂਡ ਕੀਤਾ।ਇਸ ਦਾ ਸਵਾਗਤ ਕਰਨ ਲਈ ਫੈਡਰਲ ਪ੍ਰੋਕਿਓਰਮੈਂਟ ਮੰਤਰੀ ਫਿਲੋਮੈਨਾ ਤਾਸੀ ਮੌਕੇ ਉੱਤੇ ਮੌਜੂਦ ਸਨ। ਇਹ ਵੈਕਸੀਨ ਪੰਜ ਤੋਂ 11 ਸਾਲ ਉਮਰ ਵਰਗ ਦੇ ਬੱਚਿਆਂ ਦੇ ਕੋਵਿਡ-19 ਟੀਕਾਕਰਣ ਲਈ ਆਈ ਹੈ।



ਜ਼ਿਕਰਯੋਗ ਹੈ ਕਿ ਹੈਲਥ ਕੈਨੇਡਾ ਵੱਲੋਂ ਸ਼ੁੱਕਰਵਾਰ ਨੂੰ ਇਹ ਐਲਾਨ ਕੀਤਾ ਗਿਆ ਸੀ ਕਿ ਉਨ੍ਹਾਂ ਵੱਲੋਂ ਬੱਚਿਆਂ ਲਈ ਫਾਈਜ਼ਰ-ਬਾਇਓਐਨਟੈਕ ਵੈਕਸੀਨ ਦੇ ਸੋਧੇ ਹੋਏ ਵਰਜ਼ਨ ਨੂੰ ਮਨਜ਼ੂਰੀ ਦੇ ਦਿੱਤੀ ਗਈ ਹੈ। ਤਾਸੀ ਨੇ ਸ਼ੁੱਕਰਵਾਰ ਨੂੰ ਇਹ ਵੀ ਆਖਿਆ ਸੀ ਕਿ ਇਸ ਹਫਤੇ ਦੇ ਅੰਤ ਤੱਕ ਕੈਨੇਡਾ ਕੋਲ ਇਸ ਵੈਕਸੀਨ ਦੀਆਂ 2.9 ਮਿਲੀਅਨ ਡੋਜ਼ਾਂ ਹੋਣਗੀਆਂ। ਇਸ ਨਾਲ ਇਸ ਉਮਰ ਵਰਗ ਦੇ ਹਰੇਕ ਬੱਚੇ ਨੂੰ ਘੱਟੋ ਘੱਟ ਪਹਿਲੀ ਡੋਜ਼ ਜ਼ਰੂਰ ਲੱਗ ਸਕੇਗੀ।

ਅਜੇ ਤੱਕ ਸਾਰੀਆਂ ਪ੍ਰੋਵਿੰਸਾਂ ਤੇ ਟੈਰੇਟਰੀਜ਼ ਵੱਲੋਂ ਇਹ ਨਹੀਂ ਦੱਸਿਆ ਗਿਆ ਹੈ ਕਿ ਉਨ੍ਹਾਂ ਦਾ ਵੈਕਸੀਨੇਸ਼ਨ ਪਲੈਨ ਕੀ ਹੋਵੇਗਾ। ਪਰ ਕੁੱਝ ਪਬਲਿਕ ਹੈਲਥ ਯੂਨਿਟਸ ਵੱਲੋਂ ਸਕੂਲਾਂ ਵਿੱਚ ਵੈਕਸੀਨ ਕਲੀਨਿਕਸ ਕਾਇਮ ਕੀਤੇ ਜਾ ਰਹੇ ਹਨ ਤੇ ਕਈਆਂ ਵੱਲੋਂ ਮੌਜੂਦਾ ਵੈਕਸੀਨੇਸ਼ਨ ਸਾਈਟਸ ਦਾ ਹੀ ਪਸਾਰ ਕੀਤਾ ਜਾ ਰਿਹਾ ਹੈ। ਫਾਰਮੇਸੀਜ਼ ਤੇ ਫੈਮਿਲੀ ਡਾਕਟਰਜ਼ ਵੱਲੋਂ ਵੀ ਕਈ ਥਾਂਵਾਂ ਉੱਤੇ ਬੱਚਿਆਂ ਦੇ ਟੀਕਾਕਰਣ ਲਈ ਤਿਆਰੀਆਂ ਕੀਤੀਆਂ ਜਾ ਰਹੀਆਂ ਹਨ।

ਟੋਰਾਂਟੋ ਦਾ ਕਹਿਣਾ ਹੈ ਕਿ ਓਨਟਾਰੀਓ ਦੇ ਸੈਂਕੜੇ ਸਕੂਲਾਂ ਵਿੱਚ ਇਹ ਕਲੀਨਿਕ ਖੋਲ੍ਹੇ ਜਾਣਗੇ ਪਰ ਵੈਕਸੀਨੇਸ਼ਨ ਕਲਾਸਾਂ ਦੇ ਸਮੇਂ ਵਿੱਚ ਨਹੀਂ ਦਿੱਤੀ ਜਾਵੇਗੀ। ਮਾਪਿਆਂ ਦੀ ਰਜ਼ਾਮੰਦੀ ਤੋਂ ਬਿਨਾਂ ਬੱਚਿਆਂ ਦਾ ਟੀਕਾਕਰਣ ਨਹੀਂ ਕੀਤਾ ਜਾਵੇਗਾ। ਇੱਥੇ ਦੱਸਣਾ ਬਣਦਾ ਹੈ ਕਿ ਯੂਐਸ ਫੂਡ ਐਂਡ ਡਰੱਗ ਐਡਮਨਿਸਟ੍ਰੇਸ਼ਨ ਵੱਲੋਂ ਬੱਚਿਆਂ ਲਈ ਫਾਈਜ਼ਰ-ਬਾਇਓਐਨਟੈਕ ਵੈਕਸੀਨ ਨੂੰ 29 ਅਕਤੂਬਰ ਨੂੰ ਹੀ ਮਨਜ਼ੂਰੀ ਦੇ ਦਿੱਤੀ ਗਈ ਸੀ ਤੇ ਹੁਣ ਤੱਕ ਅਮਰੀਕਾ ਦੋ ਮਿਲੀਅਨ ਤੋਂ ਵੱਧ ਬੱਚਿਆਂ ਦਾ ਟੀਕਾਕਰਣ ਕਰਵਾ ਚੁੱਕਿਆ ਹੈ।

## ਕ੍ਰਿਸਮਸ ਪਰੇਡ ਦੌਰਾਨ ਐਸਯੂਵੀ ਲੋਕਾਂ ਉੱਤੇ ਜਾ ਚੜ੍ਹੀ, 20 ਜ਼ਖ਼ਮੀ

ਵਾਕੇਸ਼ਾ, 21 ਨਵੰਬਰ (ਪੋਸਟ ਬਿਊਰੋ) : ਐਤਵਾਰ ਨੂੰ ਵਾਕੇਸ਼ਾ ਦੇ ਮਿਲਵਾਕੀ ਸਬਅਰਬ ਵਿੱਚ ਚੱਲ ਰਹੀ ਕ੍ਰਿਸਮਸ ਪਰੇਡ ਉੱਤੇ ਇੱਕ ਐਸਯੂਵੀ ਦੇ ਚੜ੍ਹ ਜਾਣ ਕਾਰਨ 20 ਤੋਂ ਵੱਧ ਲੋਕ ਜ਼ਖ਼ਮੀ ਹੋ ਗਏ। ਇਹ ਜਾਣਕਾਰੀ ਸਿਟੀ ਪੁਲਿਸ ਦੇ ਚੀਫ ਵੱਲੋਂ ਦਿੱਤੀ ਗਈ।

ਚੀਫ ਡੈਨ ਥੌਂਪਸਨ ਨੇ ਦੱਸਿਆ ਕਿ ਮਾਮਲੇ ਦੀ ਜਾਂਚ ਚੱਲ ਰਹੀ ਹੈ ਪਰ ਐਸਯੂਵੀ ਨੂੰ ਕਬਜੇ ਵਿੱਚ ਲੈ ਲਿਆ ਗਿਆ ਹੈ। ਉਨ੍ਹਾਂ ਦੱਸਿਆ ਕਿ ਜ਼ਖ਼ਮੀਆਂ ਵਿੱਚੋਂ ਕੁੱਝ ਨੂੰ ਪੁਲਿਸ ਵੱਲੋਂ ਹਸਪਤਾਲ ਲਿਜਾਇਆ ਗਿਆ ਜਦਕਿ ਕੁੱਝ ਹੋਰਨਾਂ ਨੂੰ ਪਰਿਵਾਰਕ ਮੈਂਬਰਾਂ ਵੱਲੋਂ ਹਸਪਤਾਲ ਪਹੁੰਚਾਇਆ ਗਿਆ।ਮੇਅਰ ਸ਼ਾਅਨ ਰੇਲੀ ਨੇ ਆਖਿਆ ਕਿ ਉਨ੍ਹਾਂ ਨੂੰ ਨਹੀਂ ਲੱਗਦਾ ਕਿ ਜਨਤਾ ਨੂੰ ਇਸ ਸਮੇਂ ਕਿਸੇ ਹੋਰ ਤਰ੍ਹਾਂ



ਦਾ ਖਤਰਾ ਹੈ।

ਇੱਕ ਵੀਡੀਓ ਵਿੱਚ ਨਜ਼ਰ ਆ ਰਿਹਾ ਹੈ ਕਿ ਇੱਕ ਲਾਲ ਰੰਗ ਦੀ ਐਸਯੂਵੀ ਸਾਰੇ ਬੈਰੀਅਰ ਤੋੜਦੀ ਹੋਈ ਉਸ ਸੜਕ ਉੱਤੇ ਅੱਗੇ ਵੱਧਦੀ ਗਈ ਜਿੱਥੇ ਪਰੇਡ ਹੋ ਰਹੀ ਸੀ। ਐਤਵਾਰ ਰਾਤ ਨੂੰ ਵਾਕੇਸ਼ਾ ਦੀ ਪੁਲਿਸ ਵੱਲੋਂ ਲੋਕਾਂ ਨੂੰ ਡਾਊਨਟਾਊਨ ਵਾਲੇ ਏਰੀਆ ਤੋਂ ਦੂਰ ਰਹਿਣ ਲਈ ਆਖਿਆ ਗਿਆ।

Best Insurance Rates
Life Auto Home Business
ਕਾਰ ਅਤੇ ਘਰ ਦੀ ਇੰਸ਼ੋਰੈਂਸ ਲਈ ਘੱਟ ਰੇਟ
Discounts upto 35% on Auto & Home
Dir: 647-400-2949
Amanpreet S. Batth R.I.B.O
Aaxel Insurance Brokers Ltd.
1550 South Gateway Rd. Suite 220 Mississauga, ON L4W 5G6

NOW HIRING !!!
ALLKIND INSURANCE
Life Insurance | Super Visa Insurance
Critical illness Ins | Mortgage Insurance
Travel & Visitor Ins | Disability Insurance
RESP & TFSA & RRSP | Funeral Insurance
SIMRAN SAINI
416.994.7272
www.allkindinsurance.com

INSURANCE
Home | Auto
Business | Trucking
Life Insurance | Commercial
647-206-2452
Sukhwinder K Singh
CONNEX 7050A Bramalea Rd, Unit # 13, Mississauga, ON L5S 1T1

AUTO & HOME INSURANCE
Super visa Insurance
Life & Disability
Critical illness
RESP
Visitor & Travel insurance
(416-845-1352)
Manwinder Mangat
Aaxel InsuranceBrokers Ltd. | 1332 Khalsa Dr, Unit # 11, Mississauga, ON L5S 0A2

PEST PROBLEM ?
Residential & Commercial
100% Customer Satisfaction
All Pest Control
MICE, COCKROACH, BEDBUG & ALL COMMON BUGS
AFFORDABLE & RELIABLE
647.990.3205
KSG Pest Control Inc.
Residential, Commercial
www.ksgpestcontrol.ca
ksgpestcontrol@gmail.com
Amarjeet Singh Gill

Law Office of Aman Sharma
Real Estate - Commercial Lease
Business Purchase & Sale
Notarizations & Affidavits
Wills & Power Of Attorney
Fax: 905-913-2344 Tel: 905-913-2355
25 Cherrycrest Drive, Unit # 6 Brampton, ON, L6P 3W4
Aman Sharma
Open Saturday
Providing excellent quality legal services to our clients

KELLEY LAW OFFICE
Immigration | Real Estate
Family Law | Business Closing
Corporate | Wills & Estate
Power of Attorney/Affidavit /Attestations
www.kelleylawoffice.ca | info@kelleylawoffice.ca
1200 Derry Road E, #15, Mississauga, ON L5T 0B3
Shinder Kelley
905-362-0755

Royal Pest Control
Residential Commercial Industrial
Specialist in Bedbugs Service
All Pest Control :
Mouse & Rats | Spiders & Fleas | Bedbugs | Wasps
Cockroaches | Carpenter Ants | Silver Fish | Racoons
Call : PARESH PATEL
416 938 4598

Locations: Woodbridge, Mississauga, Scarborough
YES! Immigration
Yes we can...
Celebrating 16 Years
16 ਸਾਲਾਂ ਤੋਂ ਤਰਹਾਡੀ ਸੇਵਾ ਵਿਚ
ਇੰਮੀਗਰੇਸ਼ਨ ਸੇਵਾਵਾਂ 10-20% Discount
Raj Narang
Ritu Narang
ਕੇਨੇਡਾ ਦੇ ਵੀਜ਼ਾ ਵਾਸਤੇ ਅੱਜ ਹੀ ਸੰਪਰਕ ਕਰੋ:
(416)740-6969
(647)616-1020

SUPER VISA INSURANCE EXPERTS
Punjab Insurance Inc
Super Visa Monthly plans available
Disability Insurance
Mortgage Insurance
Life Insurance
Visitor Insurance
Travel Insurance
RESP(Education Plan)
Critical Illness Insurance
7003 Steeles Ave. W, Unit 10 Etobicoke, ON, M9W 0A2
gill@punjabinsurance.ca
416-724-5000
RANJIT GILL Insurance Advisor

INSURANCE MART
INSURANCE COMPANY
Life Insurance
Critical Illness
Disability
Super Visa
Home and Auto Insurance
Gurdip Gill
(647)767-6665
gurdipgill1@hotmail.ca

Dubai Jewellers
Gift Prize with Every Purchase
Repair at no extra cost
Appraisal Certificate
Buy, Sell, Trade
Tuesday to Sunday (12-8) (Monday Closed)
ਨਵੇਂ ਬਣੇ ਪਲਾਜ਼ਾ ਦੇ ਵਿਚ
Raj & Gulshan
Mob: 416-465-1200
2700 Northpark Drive Unit #19, Brampton Ontario L6S 0E9
North Park & Airport Major Intersection
www.dubaijewellers.ca
info@dubaijewellers.ca

HELPING YOU PLAN TODAY...FOR TOMORROW
Supervisa / Visitor Insurance
Life /Mortgage/Funeral Insurance
Disability Insurance
Critical Illness Insurance
RESP /RRSP
www.ufsinsurance.com
JATINDERBIR S BAJWA Insurance Broker
Dir: 647-928-4990
# 25-831 Bovarid Dr. W. Brampton, ON L6X0T9 | www.ufsinsurance.com

PROTECT YOUR HOME FROM PESTS
Pest Control
100% Success rate for bed bug Treatment
Low Rates/Excellent Pest Control Services
Free Home Inspection Call Today
Ranjit Sidhu Certified & Licenced Exterminator
BED BUG MATTRESS COVER ALSO AVAILABLE
A-Z Pest Control
Cell: 647.668.3944 | Office: 905.455.0648
info@atozpestcontroltoronto.com | www.atozpestcontroltoronto.com


Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ
ਪਾਵਰ ਆਫ ਸੇਲ ਨੋਟਿਸ ?
ਗਾਰਨਿਸ਼ਮੈਂਟ?
ਬੈਂਕ ਵਲੋਂ ਪੈਸੇ ਦੀ ਮੰਗ ?
ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਣਾਉਣ ਲਈ
ਹੁਣੇ ਹੀ ਕਾਲ ਕਰੋ
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ, ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
ਕਰਜ਼ੇ ਦੀ ਸਿਰਦਰਦੀ ?
Late Evening and Weekends Appointments Available 1888 864 3131
Jasbir Singh Hundal Qualified Credit Counsellor
www.MakeMeDebtFree.ca 416-502-3100 Unit #20 - 7015 Tranmere Drive Mississauga, ON L5S 1T7

CN Forklift Training Center
Counterbalance All Types | Walkie pallet Low Lift | Electric Motor Narrow Aisle Reach | Cherry Order Picker
License $69 Toll Free: 1 855 230 0001
7033 Telford Way, Unit #4, Mississauga, ON L5S 1V4
When You Need Re certified License & Training First Call to us
Cell: 416 726 6206 Tel: 905 405 0001
NC Dhawan Certified Instructor

Mortgage! We Will Beat Any Rate !!!
*Each Mortgage Center Office is Independently Owned & Operated
Purchase || Refinance || Major Banks /Credit Unions || Private Lenders || Second Mortgages-Lowest 6.99 %
The Mortgage Centre
Cell: 416-841-4218 Tel: 905-216-5563
AvonFinancial Inc. Brokerage Lic. 12538
Harpreet Singh Goraya Principal Broker (Lic # M12000607)
831 Bovaird Dr. West, Unit 25, Brampton, ON L6X 0T9 Fax : 905-216-0392

MANN LAW FIRM
Real Estate Law | Business Law
Wills & Estates | Family Law
Power of Attorney | Civil Litigation
Affidavits Notarization / Declaration
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9
T: 905 799 9333
www.mannlawfirm.ca


NOW
HIRING
U.S. CROSS BORDER
SINGLES & TEAMS
AND CANADIAN TEAMS
US Singles $0.64/mile
US Teams $0.66/mile
Canadian teams $0.62/mile
LIGHT SPEED Logistics Inc.
LIGHT SPEED Logistics Inc.
OUR FAMILY WELCOMES YOU
U.S. Singles – Dedicated Truck
Desirable Lanes to the U.S.
U.S. Teams – New Dedicated Truck
Canadian Teams – New Dedicated Truck
Comprehensive Company Benefits
Flexible Work Schedule
LIGHT SPEED HAS YOU COVERED
Steve Hunt O 905.696.0700 x7224 C 905.229.9011 E shunt@lslinc.com
6015 Kestrel Road, Mississauga, ONTARIO L5T 1S8
www.lslinc.com


NATION-WIDE TALK,
TEXT & DATA PLAN
4.5GB
$40/mo.
chatr™
AUTHORIZED DEALER
379 Main St. North, Brampton | 905-451-0379
2456 Lake shore Blvd West, Etobicoke | 416-259-3654
Offer subject to change without notice. Get 4.5GB at 3G speed. Once you reach your 3G speed data allotment, your data speed will be reduced until your next anniversary date. Taxes extra. ™ Trademarks used under license ©2021

# ਕੈਨੇਡਾ ਵੱਲੋਂ ਪੰਜ ਤੋਂ 11 ਸਾਲ ਦੇ ਬੱਚਿਆਂ ਲਈ ਫਾਈਜ਼ਰ ਦੀ ਕੋਵਿਡ-19 ਵੈਕਸੀਨ ਨੂੰ ਦਿੱਤੀ ਗਈ ਹਰੀ ਝੰਡੀ

ਓਟਵਾ, 21 ਨਵੰਬਰ (ਪੋਸਟ ਬਿਊਰੋ) : ਹੈਲਥ ਕੈਨੇਡਾ ਵੱਲੋਂ ਪੰਜ ਤੋਂ 11 ਸਾਲ ਦੇ ਬੱਚਿਆਂ ਲਈ ਫਾਈਜ਼ਰ ਦੀ ਕੋਵਿਡ-19 ਵੈਕਸੀਨ ਨੂੰ ਹਰੀ ਝੰਡੀ ਦੇ ਦਿੱਤੀ ਗਈ ਹੈ। ਕੈਨੇਡਾ ਨੂੰ ਆਸ ਹੈ ਕਿ ਉਨ੍ਹਾਂ ਨੂੰ ਇਸ ਉਮਰ ਵਰਗ ਲਈ ਨਿਰਧਾਰਤ ਡੋਜ਼ਾਂ, ਜੋ ਕਿ 2.9 ਮਿਲੀਅਨ ਹੈ। ਇਹ ਵੀ ਉਮੀਦ ਕੀਤੀ ਜਾ ਰਹੀ ਹੈ ਕਿ ਪੰਜ ਤੋਂ 11 ਸਾਲ ਦੇ ਬੱਚਿਆਂ ਲਈ ਇਹ ਪਹਿਲੀ ਡੋਜ਼ ਕਾਫੀ ਹੋਵੇਗੀ। ਫਾਈਜ਼ਰ ਤੇ ਉਸ ਦੀ ਪਾਰਟਨਰ ਬਾਇਓਐਨਟੈਕ ਦਾ ਕਹਿਣਾ ਹੈ ਕਿ ਬੱਚਿਆਂ ਉੱਤੇ ਕੀਤੇ ਗਏ ਟ੍ਰਾਇਲਜ਼ ਦੇ ਨਤੀਜੇ ਸੇਫ ਆਏ ਹਨ ਤੇ 16 ਤੋਂ 25 ਸਾਲ ਦੇ ਬਾਲਗਾਂ ਦੇ ਟ੍ਰਾਇਲਜ਼ ਦੇ ਨਤੀਜੇ ਵੀ ਚੰਗੇ ਰਹੇ ਹਨ।

ਹੈਲਥ ਕੈਨੇਡਾ ਵੱਲੋਂ ਇਸ ਉਮਰ ਵਰਗ ਦੇ ਬੱਚਿਆਂ ਲਈ ਤਿੰਨ ਹਫਤਿਆਂ ਦੇ ਵਕਫੇ ਨਾਲ 10 ਮਾਈਕ੍ਰੋਗ੍ਰਾਮ ਵੈਕਸੀਨ ਦੀਆਂ ਦੋ ਡੋਜ਼ਾਂ ਨਿਰਧਾਰਤ ਕੀਤੀਆਂ ਗਈਆਂ ਹਨ। ਨੈਸ਼ਨਲ ਐਡਵਾਈਜ਼ਰੀ ਕਮੇਟੀ ਆਨ ਇਮਿਊਨਾਈਜ਼ੇਸ਼ਨ ਵੱਲੋਂ ਇਹ ਸੁਝਾਅ ਦਿੱਤਾ ਗਿਆ ਹੈ ਕਿ ਪੰਜ ਤੋਂ 11 ਸਾਲਾਂ ਦੇ ਬੱਚਿਆਂ ਨੂੰ ਅੱਠ ਹਫਤਿਆਂ ਦੇ ਫਰਕ ਨਾਲ ਦੋ ਡੋਜ਼ਾਂ ਦਿੱਤੀਆਂ ਜਾਣ। ਐਨਏਸੀਆਈ ਨੇ ਇਹ ਵੀ ਸੁਝਾਅ ਦਿੱਤਾ ਹੈ ਕਿ ਬੱਚਿਆਂ ਨੂੰ ਕੋਈ ਹੋਰ ਵੈਕਸੀਨ ਲੈਣ, ਜਿਵੇਂ ਕਿ ਫਲੂ ਆਦਿ ਦਾ ਸ਼ੌਟ, ਤੋਂ ਪਹਿਲਾਂ ਤੇ ਬਾਅਦ ਵਿੱਚ 14 ਦਿਨਾਂ ਦੇ ਫਰਕ ਨਾਲ ਹੀ ਕੋਵਿਡ-19 ਵੈਕਸੀਨ ਲਵਾਉਣੀ ਚਾਹੀਦੀ ਹੈ ਤਾਂ ਕਿ ਅਧਿਕਾਰੀਆਂ ਨੂੰ ਸੰਭਵ ਸਾਈਡ ਇਫੈਕਟਸ ਦਾ ਵੱਖ ਤੋਂ ਪਤਾ ਲੱਗ ਸਕੇ। ਵੈਸੇ ਮਾਹਿਰਾ ਦਾ ਕਹਿਣਾ ਹੈ ਕਿ ਕੋਈ ਵੱਖਰੇ ਸਾਈਡ ਇਫੈਕਟਸ ਬੱਚਿਆਂ ਨੂੰ ਨਹੀਂ ਹੋ ਸਕਦੇ, ਉਨ੍ਹਾਂ ਨੂੰ ਵੀ ਇੰਜੈਕਸ਼ਨ ਵਾਲੀ ਥਾਂ ਉੱਤੇ ਲਾਲੀ ਜਾਂ ਸੋਜ਼ ਆ ਸਕਦੀ ਹੈ। ਹੈਲਥ ਕੈਨੇਡਾ ਵੱਲੋਂ ਅਜੇ ਵੀ ਮੌਡਰਨਾ ਦੀ ਛੇ ਤੋਂ 11 ਸਾਲ ਉਮਰ ਵਰਗ ਦੇ ਬੱਚਿਆਂ ਲਈ, ਐਮਆਰਐਨਏ ਕੋਵਿਡ-19 ਵੈਕਸੀਨ ਦਾ ਮੁਲਾਂਕਣ ਕੀਤਾ ਜਾ ਰਿਹਾ ਹੈ।


REXDALE BODY SHOP
USED CAR SALE

CHEEMA
LOWEST PRICE IN TOWN
Towing Service Car Paint Starts $799* upto 100% Deductible Paid*
Specialization In:
★ All Kinds of Body Work
★ Auto Glass Windshield
★ Denting, Painting & Welding
ਅਸੀਂ ਸਾਰੇ ਇੰਸ਼ੋਰੈਂਸ ਕੰਪਨੀ ਨੂੰ ਕਵਰ ਕਰਦੇ ਹਾਂ
SPECIAL PAINT JOB $779
RENTAL CAR PROVIDED

25 years of Canadian Experience
OPEN MON - SAT 9AM TO 7PM
Call Rick or Manminder Cheema: 416.749.9596 /416.951.6431
30 Racine Rd. Toronto, ON, M9W 2Z3, FAX: 416.749.9597
www.AAABODYSHOP.ca
mcheemaaaa@hotmail.com


# 30 ਨਵੰਬਰ ਤੋਂ ਫੈਡਰਲ ਸਰਕਾਰ ਨੇ ਅਮਰੀਕਾ ਦੇ ਨਿੱਕੇ ਟਰਿੱਪਸ ਲਈ ਟੈਸਟਿੰਗ ਦੀ ਸ਼ਰਤ ਹਟਾਈ



ਓਟਵਾ, 21 ਨਵੰਬਰ (ਪੋਸਟ ਬਿਊਰੋ) : ਫੈਡਰਲ ਸਰਕਾਰ ਨੇ ਐਲਾਨ ਕੀਤਾ ਹੈ ਕਿ ਹੁਣ ਅਮਰੀਕਾ ਦਾ 72 ਘੰਟਿਆਂ ਤੋਂ ਘੱਟ ਦਾ ਟੂਰ ਕਰਨ ਵਾਲੇ ਕੈਨੇਡੀਅਨਜ਼, ਜਿਨ੍ਹਾਂ ਦਾ ਪੂਰਾ ਟੀਕਾਕਰਣ ਹੋਇਆ ਹੋਵੇਗਾ, ਨੂੰ 30 ਨਵੰਬਰ ਤੋਂ ਪੀਸੀਆਰ ਟੈਸਟ ਦਾ ਨੈਗੇਟਿਵ ਸਬੂਤ ਦੇਣ ਦੀ ਲੋੜ ਨਹੀਂ ਹੋਵੇਗੀ। ਇਸ ਨਾਲ ਅਮਰੀਕਾ ਦੇ ਟਰਿੱਪਸ ਕਿਤੇ ਜ਼ਿਆਦਾ ਸਸਤੇ ਤੇ ਸੌਖੇ ਹੋ ਜਾਣਗੇ।

ਸਿਹਤ ਮੰਤਰੀ ਜੀਨ ਯਵੇਸ ਡਕਲਸ ਨੇ ਅੱਜ ਪੁਸ਼ਟੀ ਕੀਤੀ ਕਿ 30 ਨਵੰਬਰ ਤੋਂ ਇਹ ਤਬਦੀਲੀ ਜ਼ਮੀਨੀ ਬਾਰਡਰ ਤੇ ਹਵਾਈ ਟਰੈਵਲ ਉੱਤੇ ਲਾਗੂ ਹੋਵੇਗੀ। ਪਰ ਤਿੰਨ ਦਿਨਾਂ ਤੋਂ ਲੰਮੇਂ ਟਰਿੱਪਸ ਲਈ, ਗੈਰ ਕੈਨੇਡੀਅਨ ਨਾਗਰਿਕਾਂ ਜਾਂ ਗੈਰ ਪਰਮਾਨੈਂਟ ਰੈਜ਼ੀਡੈਂਟਸ ਲਈ ਅਜੇ ਵੀ ਨੈਗੇਟਿਵ ਟੈਸਟ ਦੀ ਲੋੜ ਹੋਵੇਗੀ। ਪਬਲਿਕ ਸੇਫਟੀ ਮੰਤਰੀ ਮਾਰਕੋ ਮੈਂਡੋਸਿਨੋ ਨੇ ਆਖਿਆ ਕਿ ਇਹ ਨਿਯਮ ਵਿਦੇਸ਼ੀ ਨਾਗਰਿਕਾਂ ਉੱਤੇ ਲਾਗੂ ਨਹੀਂ ਹੋਵੇਗਾ। ਇਨ੍ਹਾਂ ਵਿੱਚੋਂ ਕੈਨੇਡਾ ਵਿੱਚ ਰਹਿ ਰਹੇ ਕੌਮਾਂਤਰੀ ਵਿਦਿਆਰਥੀ ਤੇ ਫੌਰਨ ਵਰਕਰਜ਼ ਵੀ ਸ਼ਾਮਲ ਹਨ।

ਪਬਲਿਕ ਹੈਲਥ ਏਜੰਸੀ ਆਫ ਕੈਨੇਡਾ ਦਾ ਕਹਿਣਾ ਹੈ ਕਿ ਇਸ ਮਹੀਨੇ ਦੇ ਅੰਤ ਤੱਕ ਜਿਨ੍ਹਾਂ ਟਰੈਵਲਰਜ਼ ਨੇ ਸਾਈਨੋਫਾਰਮ, ਸਾਈਨੋਵੈਕ ਤੇ ਕੋਵੈਕਸਿਨ ਵੈਕਸੀਨ ਲਵਾਈ ਹੋਵੇਗੀ, ਉਨ੍ਹਾਂ ਨੂੰ ਵੀ ਟਰੈਵਲ ਕਰਨ ਵਾਸਤੇ ਪੂਰੀ ਤਰ੍ਹਾਂ ਵੈਕਸੀਨੇਟਿਡ ਮੰਨਿਆ ਜਾਵੇਗਾ। ਏਜੰਸੀ ਦਾ ਇਹ ਵੀ ਕਹਿਣਾ ਹੈ ਕਿ 15 ਜਨਵਰੀ ਤੱਕ ਉਨ੍ਹਾਂ ਵੱਲੋਂ ਟਰੈਵਲਰਜ਼, ਜਿਨ੍ਹਾਂ ਵਿੱਚ ਇੰਟਰਨੈਸ਼ਨਲ ਵਿਦਿਆਰਥੀ, ਐਥਲੀਟਸ, ਵਰਕ ਪਾਰਮਿਟ ਹੋਲਡਰਜ਼ ਤੇ ਟਰੱਕ ਡਰਾਈਵਰਾਂ ਸਮੇਤ ਜ਼ਰੂਰੀ ਸੇਵਾਵਾਂ ਮੁਹੱਈਆ ਕਰਵਾਉਣ ਵਾਲਿਆਂ ਲਈ ਵੈਕਸੀਨੇਸ਼ਨ ਦੇ ਮਾਮਲੇ ਵਿੱਚ ਸਾਰੀਆਂ ਚੋਰ ਮੋਰੀਆਂ ਵੀ ਬੰਦ ਕੀਤੀਆਂ ਜਾ ਰਹੀਆਂ ਹਨ।


Great Invetsment Opportunity
In The Region of Timminis,ON
8 ACRE OF lAND CAN BE SEVERD IN TWO LOTS OF 4 ACRE
Apartment Building For Sale:

| 4 units 3 bedroom | 2 units 1 bedroom | 1 unit bachelor |
|---|---|---|





For More Details Call: 416-970-5005/647-242-8667


Jas Toor
Sales Repersentative
Sutton
Sutton Group-Realty Experts
Brokerage*

Jagdish Grewal
Sales Repersentative
Century 21
President Realty Inc.
Brokerage*


## ਅੱਜ ਨਾਮਾ

ਤੁਰ ਗਈ ਛੱਡ ਸੰਸਾਰ ਉਹ ਨੇਕ ਬੀਬੀ,
ਕੋਹਾਂ ਲੰਮੀ ਸੀ ਹੇਕ ਉਹ ਲਾਉਣ ਵਾਲੀ।
ਉਹੀਓ ਕਹਿੰਦੀ ਸੀ ਖੜਾ ਈ ਵੀਰ ਰੋਂਦਾ,
ਬਾਬਲ 'ਡੀਕਦੀ ਡੋਲੀ ਰੁਕਵਾਉਣ ਵਾਲੀ।
ਸੁਣਦੇਵਿਆਹਾਂ ਦੇ ਵਿੱਚ ਸੁਹਾਗ ਜਿਹੜੇ,
ਸੱਭਿਆਚਾਰ ਦੇ ਵਜੋਂ ਚਮਕਾਉਣ ਵਾਲੀ।
ਵੱਜਦੇ ਚਿਮਟੇ, ਅਲਗੋਜ਼ਿਆਂ ਨਾਲ ਬੀਬੀ,
ਜੁਗਨੀ ਅਰਸ਼ਾਂ ਦੇ ਤੀਕ ਪੁਚਾਉਣ ਵਾਲੀ।
ਪਟੋਲੇ ਗੁੱਡੀਆਂ ਸਨ ਬਾਬਲ ਦੇ ਘਰੇ ਛੱਡੇ,
ਚਲੀ ਗਈ ਛੱਡ ਉਹ ਫੇਰ ਪੰਜਾਬ ਅੰਦਰ।
ਪੀੜ੍ਹੀਆਂ ਤੀਕਰ ਪੰਜਾਬੀਆਂ ਭੁੱਲਣਾ ਨਹੀਂ,
ਚੜ੍ਹ ਗਿਆ ਨਾਮ ਹੈ ਓਸ ਕਿਤਾਬ ਅੰਦਰ।

**ਤੀਸ ਮਾਰ ਖਾਂ**

# ਕਿਸਾਨ ਮੋਰਚੇ ਦੀ ਮੋਦੀ ਨੂੰ ਚਿੱਠੀ: ਐੱਮ ਐੱਸ ਪੀ ਸਮੇਤ ਬਾਕੀ ਮੰਗਾਂ ਉੱਤੇ ਸਹਿਮਤੀ ਮਗਰੋਂ ਹੀ ਫ਼ੈਸਲਾ ਹੋਵੇਗਾ

ਸੋਨੀਪਤ, 21 ਨਵੰਬਰ, (ਪੋਸਟ ਬਿਊਰੋ)- ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੱਲੋਂ ਤਿੰਨ ਖੇਤੀ ਕਾਨੂੰਨਵਾਪਸ ਲੈਣ ਬਾਰੇਐਲਾਨ ਕਰਨ ਪਿੱਛੋਂਅੱਜ ਐਤਵਾਰ ਲਗਾਤਾਰ ਦੂਸਰੇ ਦਿਨ ਹੋਈਸੰਯੁਕਤ ਕਿਸਾਨ ਮੋਰਚੇ ਦੀ ਬੈਠਕ ਵਿੱਚ ਬਾਕੀ ਮੰਗਾਂਮੰਨੇ ਜਾਣ ਤੱਕ ਅੰਦੋਲਨ ਜਾਰੀ ਰੱਖਣ ਦਾ ਫ਼ੈਸਲਾ ਕੀਤਾ ਗਿਆ ਹੈ।

ਅੱਜ ਦੀ ਮੀਟਿੰਗ ਪਿੱਛੋਂ ਕਿਸਾਨ ਆਗੂਆਂ ਨੇ ਕਿਹਾ ਕਿ ਘੱਟੋ-ਘੱਟ ਸਮਰਥਨ ਮੁੱਲ (ਐੱਮ ਐੱਸ ਪੀ) ਦੀ ਗਾਰੰਟੀ ਉਨ੍ਹਾਂ ਦੇ ਸੰਘਰਸ਼ ਦੀਆਂ ਮੁੱਖ ਮੰਗਾਂ ਵਿੱਚ ਸ਼ਾਮਲ ਸੀ, ਪਰ ਪ੍ਰਧਾਨ ਮੰਤਰੀ ਨੇ ਇਸਬਾਰੇ ਕੋਈ ਗੱਲ ਨਹੀਂ ਕੀਤੀ, ਇਸ ਲਈ ਪ੍ਰਧਾਨ ਮੰਤਰੀ ਨੂੰ ਖੁੱਲ੍ਹੀ ਚਿੱਠੀ ਲਿਖੀ ਜਾਵੇਗੀ।ਇਸ ਪਿੱਛੋਂ ਸੰਯੁਕਤ ਕਿਸਾਨ ਮੋਰਚੇ ਨੇ ਦੇਰ ਰਾਤ ਪ੍ਰਧਾਨ ਮੰਤਰੀ ਨੂੰ ਚਿੱਠੀ ਭੇਜ ਦਿੱਤੀ ਹੈ, ਜਿਸ ਵਿੱਚ ਮੁੱਖ ਮੰਗਾਂ ਲਿਖ ਕੇ ਕਿਹਾ ਕਿ ਜੇ ਸਰਕਾਰ ਚਾਹੁੰਦੀ ਹੈ ਕਿ ਕਿਸਾਨ ਘਰੀਂ ਜਾਣ ਤਾਂ ਮੋਰਚੇ ਨਾਲ ਗੱਲ ਕਰੇ, ਜਦੋਂ ਤੱਕਗੱਲ ਨਹੀਂ ਹੁੰਦੀ, ਵਿਰੋਧਜਾਰੀ ਰਹੇਗਾ। ਇਸ ਚਿੱਠੀ ਵਿੱਚ ਕਿਸਾਨ ਮੋਰਚੇ ਨੇ ਕਿਹਾ ਹੈ ਕਿ ਸ਼ੁਰੂ ਦੀਆਂ ਮੰਗਾਂ ਵਿੱਚ ਸ਼ਾਮਲ ਐੱਮ ਐੱਸ ਪੀ ਨੂੰ ਕਿਸਾਨ ਦਾ ਕਾਨੂੰਨੀ ਹੱਕ ਬਣਾਇਆ ਜਾਵੇ ਤਾਂਕਿ ਫਸਲਾਂ ਦੀ ਖ਼ਰੀਦ ਦੀ ਗਾਰੰਟੀ ਹੋਵੇ।ਉਨ੍ਹਾਂ ਕਿਹਾ ਕਿ 'ਬਿਜਲੀ ਐਕਟ ਸੋਧ ਬਿੱਲ' ਦਾ ਕੱਚਾ ਖਰੜਾ ਵਾਪਸ ਲਿਆ ਜਾਵੇਤੇ ਦਿੱਲੀ-ਐੱਨ ਸੀ ਆਰ (ਕੌਮੀ ਰਾਜਧਾਨੀ ਖੇਤਰ)ਅਤੇ ਇਸ ਨਾਲ ਜੁੜੇ ਇਲਾਕੇ ਦੀ ਹਵਾ ਦੀ ਗੁਣਵੱਤਾ ਸੁਧਾਰਨ ਲਈ ਕਿਸਾਨਾਂ ਨੂੰ ਸਜ਼ਾ ਦੇਣ ਦੀ ਮੱਦ ਹਟਾਈ ਜਾਵੇ।ਇਸ ਦੇ ਨਾਲ ਨਵੀਂਆਂ ਮੰਗਾਂ ਜੋੜ ਕੇ ਕਿਸਾਨ ਮੋਰਚੇ ਨੇ ਕਿਹਾ ਕਿ ਕਿਸਾਨਾਂ ਉੱਤੇ ਦਰਜ ਕੇਸ ਵਾਪਸ ਲਏ ਜਾਣ, ਲਖੀਮਪੁਰ ਖੀਰੀ ਕੇਸ ਵਿੱਚ ਕੇਂਦਰੀ ਗ੍ਰਹਿ ਰਾਜ ਮੰਤਰੀ ਅਜੈ ਕੁਮਾਰ ਮਿਸ਼ਰਾ ਟੇਨੀ ਨੂੰ ਬਰਖ਼ਾਸਤ ਕਰ ਕੇ ਗ੍ਰਿਫ਼ਤਾਰ ਕੀਤਾ ਜਾਵੇਤੇ ਇਸ ਅੰਦੋਲਨ ਦੌਰਾਨ ਸ਼ਹੀਦ ਹੋਏ ਲਗਪਗ 700 ਕਿਸਾਨਾਂ ਦੇ ਪਰਿਵਾਰਾਂ ਲਈ ਮੁਆਵਜ਼ੇ ਅਤੇ ਮੁੜਵਸੇਬੇ ਦਾ ਪ੍ਰਬੰਧਕੀਤਾ ਜਾਵੇ।



ਅੱਜ ਦੀ ਮੀਟਿੰਗ ਵਿੱਚ ਭਾਰਤੀ ਕਿਸਾਨ ਯੂਨੀਅਨ ਦੇ ਕੌਮੀ ਬੁਲਾਰੇ ਰਾਕੇਸ਼ ਟਿਕੈਤ ਨਹੀਂ ਆਏ। ਸ਼ਨਿਚਰਵਾਰ ਦੀ ਬੈਠਕ ਵਿੱਚ ਵੀਉਹ ਨਹੀਂ ਸਨ।ਗਾਜ਼ੀਪੁਰ ਤੋਂ ਸੂਚਨਾ ਸੀ ਕਿ ਉਹ ਕੁੰਡਲੀ ਬਾਰਡਰ ਉੱਤੇ ਬੈਠਕ ਵਿੱਚ ਸ਼ਾਮਲ ਹੋਣਗੇ, ਪਰ ਉਹ ਨਹੀਂ ਪਹੁੰਚੇ। ਬਾਅਦ ਵਿੱਚ ਉਨ੍ਹਾਂ ਦਾ ਸੰਦੇਸ਼ ਮਿਲਿਆ ਕਿ ਸੋਮਵਾਰ ਲਖਨਊ ਵਿੱਚ ਹੋ ਰਹੀ ਕਿਸਾਨ ਮਹਾਪੰਚਾਇਤ ਲਈ ਚਲੇ ਗਏ ਹਨ।ਓਥੇ ਇਹ ਕਿਆਸ ਲੱਗਦੇ ਰਹੇ ਕਿ ਟਿਕੈਤ ਬੈਠਕ ਵਿੱਚ ਨਹੀਂ ਆਉਣਗੇ, ਕਿਉਂਕਿ ਪਿਛਲੀ ਬੈਠਕ ਵਿੱਚ ਗੁਰਨਾਮ ਸਿੰਘਚੜੂੰਨੀਅਤੇ ਟਿਕੈਤ ਧੜੇ ਦਾ ਤਣਾਅ ਬਣ ਗਿਆ ਸੀ। ਦੂਸਰੇ ਪਾਸੇ ਬੈਠਕ ਵਿੱਚਆਏ ਗੁਰਨਾਮ ਸਿੰਘ ਚੜੂੰਨੀ ਵੀ ਮੀਟਿੰਗ ਦੇ ਵਿਚਾਲਿਉਂਚਲੇ ਗਏ, ਪਰ ਉਨ੍ਹਾ ਕਿਹਾ ਕਿ ਉਨ੍ਹਾਂ ਨੇ ਕਿਸੇ ਪ੍ਰੋਗਰਾਮ ਵਿੱਚ ਜਾਣਾ ਹੈ,ਉਨ੍ਹਾਂ ਦੇ ਸਾਥੀ ਬੈਠਕ ਵਿੱਚ ਸ਼ਾਮਲ ਹਨ।ਅੱਜ ਦੀ ਮੀਟਿੰਗ ਪਿੱਛੋਂ ਕਿਸਾਨ ਆਗੂ ਬਲਬੀਰ ਸਿੰਘ ਰਾਜੇਵਾਲ ਨੇ ਕਿਹਾ ਕਿ ਮੀਟਿੰਗ ਨੇ ਤਿੰਨ ਖੇਤੀ ਕਾਨੂੰਨ ਰੱਦ ਕਰਨ ਦੇ ਐਲਾਨ ਉੱਤੇਵਿਚਾਰ ਪਿੱਛੋਂ ਫੈਸਲਾ ਕੀਤਾ ਹੈ ਕਿ ਪਹਿਲਾਂ ਤੈਅ ਹੋਏਪ੍ਰਦਰਸ਼ਨ ਹਾਲੇਜਾਰੀ ਰਹਿਣਗੇ। ਕਿਸਾਨਾਂ ਦਾ ਦਿੱਲੀ ਦੀਆਂ ਹੱਦਾਂ ਉੱਪਰ 26 ਤੇ 29 ਨਵੰਬਰ ਦਾ ਪ੍ਰੋਗਰਾਮ ਉਵੇਂ ਹੀ ਹੋਵੇਗਾਤੇ ਅਗਲੀ ਮੀਟਿੰਗ 27 ਨਵੰਬਰ ਨੂੰ ਕਰ ਕੇ 29 ਨਵੰਬਰ ਦੇ ਪ੍ਰੋਗਰਾਮ ਬਾਰੇ ਸੋਚਿਆ ਜਾਵੇਗਾ।

## ਏਅਰ ਕੁਆਲਿਟੀ ਖਰਾਬ ਹੋਣ ਕਾਰਨ ਦਿੱਲੀ ਵਿੱਚ ਵਿਦਿਅਕ ਅਦਾਰੇ ਅਜੇ ਵੀ ਬੰਦ ਰਹਿਣਗੇ



ਨਵੀਂ ਦਿੱਲੀ, 21 ਨਵੰਬਰ, (ਪੋਸਟ ਬਿਊਰੋ)- ਭਾਰਤ ਦੀ ਰਾਜਧਾਨੀ ਦਿੱਲੀ ਵਿਚ ਪਰਦੂਸ਼ਣ ਕਾਰਨ ਹਵਾ ਦੀ ਗੁਣਵੱਤਾ ਖ਼ਰਾਬ ਹੋਣ ਕਰ ਕੇਦਿੱਲੀ ਸਰਕਾਰ ਨੇ ਸਾਰੇ ਸਕੂਲ ਹਾਲੇ ਬੰਦ ਰੱਖਣ ਦਾ ਫੈਸਲਾ ਕੀਤਾ ਹੈ।

ਵਰਨਣ ਯੋਗ ਹੈ ਕਿ ਇਸ ਤੋਂ ਪਹਿਲਾਂ 14 ਨਵੰਬਰ ਨੂੰ ਪਰਦੂਸ਼ਣ ਦੀ ਵਿਗੜੀ ਸਥਿਤੀ ਕਾਰਨਦਿੱਲੀ ਸਰਕਾਰ ਨੇ ਇਕ ਹਫਤੇ ਲਈ ਸਕੂਲ ਬੰਦ ਕਰ ਕੇ ਆਨਲਾਈਨ ਕਲਾਸਾਂ ਚਲਾਉਣਲਏ ਕਿਹਾ ਸੀ।ਐਤਵਾਰ ਇਹ ਸਮਾਂ ਮੁੱਕਣ ਪਿੱਛੋਂ ਸਿੱਖਿਆ ਵਿਭਾਗ ਨੇ ਕਿਹਾ ਹੈ ਕਿ ਹਾਲੇ ਸਕੂਲ ਬੰਦ ਰੱਖ ਕੇ ਆਨਲਾਈਨ ਕਲਾਸਾਂ ਚੱਲਣਗੀਆਂ। ਰਾਜਧਾਨੀ ਦਿੱਲੀਅਤੇ ਐਨਸੀਆਰ ਖੇਤਰਵਿੱਚ ਹਵਾ ਪਰਦੂਸ਼ਣ ਤੋਂ ਰਾਹਤ ਨਾ ਹੋਣਕਾਰਨ ਇਹ ਪਾਬੰਦੀਆਂ ਕਦੋਂ ਤਕ ਰਹਿਣਗੀਆਂ, ਕਹਿਣਾ ਔਖਾ ਹੋਣ ਕਾਰਨਦਿੱਲੀ ਦੇ ਸਕੂਲਾਂ-ਕਾਲਜਾਂ ਦੇ ਨਾਲ ਪਹਿਲਾਂ ਸਰਕਾਰ ਨੇ ਸਰਕਾਰੀ ਦਫ਼ਤਰਾਂ ਦੇ ਮੁਲਾਜ਼ਮਾਂ ਨੂੰ ਵੀ ਘਰੋਂ ਕੰਮ ਕਰਨ ਲਈ ਹੁਕਮ ਦਿੱਤੇ ਅਤੇ ਬੀਤੇ ਬੁੱਧਵਾਰ ਨੂੰ 10 ਹਦਾਇਤਾਂ ਜਾਰੀ ਕੀਤੀਆਂ ਸਨ, ਜਿਸ ਨਾਲ ਇਸ ਸ਼ਹਿਰ ਵਿੱਚ ਗੈਰ-ਜ਼ਰੂਰੀ ਸਮੱਗਰੀ ਵਾਲੇ ਟਰੱਕਾਂ ਦੇ ਦਾਖਲੇ ਉੱਤੇਵੀ ਪਾਬੰਦੀ ਲਾ ਦਿੱਤੀ ਸੀ।ਦਿੱਲੀਸਰਕਾਰ ਨੇ 21 ਨਵੰਬਰ ਤਕ ਸ਼ਹਿਰ ਵਿਚ ਇਮਾਰਤਾਂ ਦੀ ਉਸਾਰੀ ਅਤੇ ਢਾਹੁਣ ਨੂੰ ਰੋਕਣ ਦਾ ਨੋਟੀਫਿਕੇਸ਼ਨ ਵੀ ਜਾਰੀ ਕੀਤਾ ਹੈ।

# ਕੋਹਾਂ ਲੰਬੀ ਹੇਕ ਦੀ ਮੱਲਿਕਾ ਗੁਰਮੀਤ ਬਾਵਾ ਦਾ ਦੇਹਾਂਤ

ਅੰਮ੍ਰਿਤਸਰ, 21 ਨਵੰਬਰ, (ਪੋਸਟ ਬਿਊਰੋ)- ਸੰਗੀਤ ਜਗਤ ਦਾ ਥੰਮ੍ਹ ਅਤੇ ਕੋਹਾਂ ਲੰਬੀ ਹੇਕ ਖਿੱਚ ਸਕਣ ਵਾਲੀ ਪੰਜਾਬੀ ਲੋਕ ਗਾਇਕਾ ਗੁਰਮੀਤ ਬਾਵਾ (ਕਰੀਬ 77 ਸਾਲ)ਦਾ ਅੱਜ ਐਤਵਾਰ ਨੂੰ ਦੇਹਾਂਤ ਹੋ ਗਿਆ। ਉਨ੍ਹਾਂ ਨੂੰ ਕਈ ਕੌਮੀ ਅਤੇ ਕੌਮਾਂਤਰੀ ਐਵਾਰਡ ਮਿਲ ਚੁੱਕੇ ਹਨ ਅਤੇ ਉਹ ਹਰ ਉਮਰ ਦੇ ਪੰਜਾਬੀਆਂ ਵਿੱਚ ਮਕਬੂਲ ਸਨ।



ਗੁਰਮੀਤ ਬਾਵਾ ਦੇ ਪਤੀ ਕਿਰਪਾਲਬਾਵਾ ਨੇ ਦੱਸਿਆ ਕਿ ਸ਼ਨੀਵਾਰ ਰਾਤਗੁਰਮੀਤ ਬਾਵਾ ਨੂੰ ਸਰੀਰ ਕਮਜ਼ੋਰੀ ਦੇਕਾਰਨ ਏਅਰਪੋਰਟ ਰੋਡ ਉੱਤੇ ਇਕ ਨਿੱਜੀ ਹਸਪਤਾਲਦਾਖ਼ਲ ਕਰਾਇਆ ਸੀ, ਜਿੱਥੇ ਅੱਜ ਐਤਵਾਰ ਸਵੇਰੇ 11 ਵਜੇ ਦੇ ਕਰੀਬ ਉਨ੍ਹਾਂ ਨੇ ਆਖਰੀ ਸਾਹ ਲਿਆ। ਲੋਕ ਗਾਇਕੀ ਵਿੱਚ 45 ਸੈਕੰਡ ਲੰਮੀ ਹੇਕ ਲਾਉਣ ਦਾ ਰਿਕਾਰਡ ਗੁਰਮੀਤ ਬਾਵਾ ਦੇ ਨਾਂ ਹੈ। ਉਨ੍ਹਾਂ ਦੀ ਸ਼ੈਲੀ ਵਿੱਚ ਸੁਹਾਗ,ਘੋੜੀਆਂ, ਸਿੱਠਣੀਆਂ ਦੇ ਲੋਕ ਰੰਗ ਸ਼ਾਮਲ ਹਨ। ਪਿਛਲੇ ਸਾਲ ਫਰਵਰੀ ਵਿੱਚ ਗੁਰਮੀਤ ਬਾਵਾ ਦੀ ਬੇਟੀ ਤੇ ਸੰਗੀਤ ਖੇਤਰ ਦੀ ਮਸ਼ਹੂਰ ਹਸਤੀ ਲਾਚੀ ਬਾਵਾ ਦਾ ਕੈਂਸਰ ਦੀ ਬਿਮਾਰੀ ਨਾਲ ਦੇਹਾਂਤ ਹੋ ਗਿਆ ਸੀ। ਸਾਲ 1965 ਵਿੱਚ ਭਾਰਤ-ਪਾਕਿਜੰਗ ਵੇਲੇ ਫ਼ੌਜਦੇ ਮਨੋਰੰਜਨ ਲਈ ਕੋਈ ਕਲਾਕਾਰ ਨਹੀਂ ਸੀ। ਇਸ ਤੋਂ ਬਾਅਦ ਭਾਰਤ ਸਰਕਾਰ ਨੇ ਦੇਸ਼ ਭਰ ਵਿੱਚੋਂ ਵੱਖ-ਵੱਖ ਕਲਾਕਾਰਾਂ ਦੀ ਚੋਣ ਕੀਤੀ ਤਾਂ ਉਨ੍ਹਾਂ ਵਿਚ ਗੁਰਮੀਤ ਬਾਵਾ ਦਾ ਨਾਂ ਪ੍ਰਮੁੱਖ ਸੀ। ਵਿਰਸਾ ਵਿਹਾਰ ਸੁਸਾਇਟੀ ਦੇ ਪ੍ਰਧਾਨ ਕੇਵਲ ਧਾਲੀਵਾਲ ਨੇ ਕਿਹਾ ਕਿ ਗੁਰਮੀਤ ਬਾਵਾ ਦੇ ਦੇਹਾਂਤ ਨਾਲ ਉਨ੍ਹਾਂ ਦੇ ਪਰਿਵਾਰ ਨੂੰ ਨੁਕਸਾਨ ਨਹੀਂ ਹੋਇਆ, ਪੂਰੇ ਸੰਗੀਤ ਜਗਤ ਨੂੰ ਨਾ ਪੂਰਾ ਹੋਣ ਵਾਲਾ ਘਾਟਾ ਪਿਆ ਹੈ। ਉਨ੍ਹਾਂ ਦੀ ਬੇਟੀ ਗੁਲੇਰੀ ਬਾਵਾ ਨੇ ਕਿਹਾ ਕਿ ਉਸ ਦੀ ਮਾਂ ਗੁਰਮੀਤ ਬਾਵਾ ਦੀ ਸੱਭਿਅਕ ਗਾਇਕੀ ਕਾਰਨ ਵਿਸ਼ਵ ਵਿਚ ਉਨ੍ਹਾਂ ਦੀ ਵੱਖਰੀ ਪਛਾਣ ਸੀ।ਉਨ੍ਹਾਂ ਦੇ ਜਾਣ ਨਾਲ ਗਾਇਕੀ ਦਾ ਇੱਕ ਯੁੱਗ ਖਤਮ ਹੋ ਗਿਆ ਹੈ।

ਡੇਰਾ ਬਾਬਾ ਨਾਨਕ ਦੇ ਵਾਸੀ ਕ੍ਰਿਪਾਲ ਬਾਵਾ ਗੁਰਮੀਤ ਬਾਵਾ ਨਾਲ ਬਟਾਲਾ ਨੇੜਲੇ ਪਿੰਡ ਕੋਠੇ ਵਿਖੇ ਵਿਆਹ ਕਰ ਕੇ ਅੰਮ੍ਰਿਤਸਰ ਆ ਗਏ ਅਤੇ ਅੱਜ ਤੋਂ ਕਰੀਬ 55 ਸਾਲ ਪਹਿਲਾਂ ਅੰਮ੍ਰਿਤਸਰ ਆਇਆ ਬਾਵਾ ਪਰਿਵਾਰ ਸਰਕਾਰੀ ਸਕੂਲ ਵਿੱਚ ਪੜ੍ਹਾਉਂਦਾ ਹੁੰਦਾ ਸੀ। ਗੁਰਮੀਤ ਬਾਵਾ ਦੀ ਸੁਰੀਲੀ ਆਵਾਜ਼ ਸੁਣ ਕੇ ਉਨ੍ਹਾਂ ਨੂੰ ਗਾਇਕੀ ਵੱਲ ਲਾ ਦਿੱਤਾ ਤੇ ਉਸ ਦੀ ਧੁੰਮ ਸੰਸਾਰ ਵਿੱਚ ਪੈ ਗਈ। ਅੱਜ ਗਾਇਕੀ ਵਿੱਚ ਗੁਰਮੀਤ ਬਾਵਾ ਦੀ ਹੇਕ ਲੁਪਤ ਹੋ ਗਈ ਜਾਪਦੀ ਹੈ।

## ਬ੍ਰਿਟਿਸ਼ ਪ੍ਰਧਾਨ ਮੰਤਰੀ ਜਾਨਸਨ ਨੇ ਤਾਲਿਬਾਨ ਨਾਲ ਮਿਲ ਕੇ ਚੱਲਣ ਦੀ ਸੁਰ ਛੇੜੀ

ਲੰਡਨ, 21 ਨਵੰਬਰ, (ਪੋਸਟ ਬਿਊਰੋ)- ਬ੍ਰਿਟੇਨ ਦੇ ਪ੍ਰਧਾਨ ਮੰਤਰੀ ਬੋਰਿਸ ਜਾਨਸਨ ਨੇ ਕਿਹਾ ਹੈ ਕਿ ਅਫਗਾਨਿਸਤਾਨ ਵਿੱਚ ਵੱਧਦੇ ਮਨੁੱਖੀ ਸੰਕਟ ਕਾਰਨ ਉਥੋਂ ਦੇ ਲੋਕਾਂ ਦੀ ਮਦਦ ਲਈ ਤਾਲਿਬਾਨ ਦੀ ਸਰਕਾਰ ਨਾਲ ਮਿਲ ਕੇ ਕੰਮ ਕਰਨਾ ਪਵੇਗਾ, ਇਸ ਤੋਂ ਇਲਾਵਾ ਉਨ੍ਹਾਂ ਕੋਲ ਕੋਈ ਬਦਲ ਹੀ ਨਹੀਂ ਹੈ। ਜਾਨਸਨ ਨੇ ਇਹ ਗੱਲ ਬ੍ਰਿਟੇਨ ਦੀ ਪਾਰਲੀਮੈਂਟ ਵਿੱਚ ਲੇਬਰ ਪਾਰਟੀ ਦੀ ਸਾਰਾਹ ਚੈਂਪੀਅਨ ਵੱਲੋਂ ਪੁੱਛੇ ਗਏ ਇੱਕ ਸਵਾਲ ਦੇ ਜਵਾਬ ਵਿੱਚ ਕਹੀ ਹੈ।



ਸਾਰਾਹ ਚੈਂਪੀਅਨ ਨੇ ਪੁੱਛਿਆ ਸੀ ਕਿ ਅਫਗਾਨਿਸਤਾਨ ਦੀ ਸਥਿਤੀ ਨਰਕ ਵਾਂਗ ਹੋ ਗਈ ਹੈ,ਇਸ ਮੌਕੇ ਬ੍ਰਿਟਿਸ਼ ਸਰਕਾਰ ਅਫਗਾਨਿਸਤਾਨ ਦੇ ਲੋਕਾਂ ਦੀ ਮਦਦ ਲਈ ਕੀ ਕਰ ਰਹੀ ਹੈ।ਜਵਾਬ ਵਿੱਚ ਪ੍ਰਧਾਨ ਮੰਤਰੀ ਬੋਰਿਸ ਜਾਨਸਨ ਨੇ ਕਿਹਾ ਕਿ ਅਫਗਾਨਿਸਤਾਨ ਦੇ ਲੋਕਾਂ ਦੀ ਮਦਦ ਲਈ ਬ੍ਰਿਟੇਨ ਨੂੰ ਤਾਲਿਬਾਨ ਦੀ ਮਦਦ ਨਾਲ ਮਿਲ ਕੇ ਉਨ੍ਹਾਂ ਦੇ ਸਹਿਯੋਗ ਨਾਲ ਹੀ ਅੱਗੇ ਵਧਣਾ ਹੋਵ-ਗਾ, ਇਸ ਤੋਂ ਬਿਨਾ ਕੋਈ ਬਦਲ ਨਹੀਂ ਹੈ। ਟੋਲੋ ਨਿਊਜ਼ ਦੇ ਮੁਤਾਬਕ ਜਾਨਸਨ ਨੇ ਕਿਹਾ ਕਿ ਅਫਗਾਨਿਸਤਾਨ ਵਿੱਚ ਹਾਲਾਤ ਦਿਨੋ-ਦਿਨ ਵਿਗੜੇ ਹਨ ਤੇ ਓਥੋਂ ਦੇ ਲੋਕਾਂ ਨੂੰ ਜਲਦੀ ਮਦਦ ਦੀ ਲੋੜ ਹੈ।ਉਨ੍ਹਾਂ ਨੇ ਕਿਹਾ ਕਿ ਇਹ ਉਦੋਂ ਤੱਕ ਸੰਭਵ ਨਹੀਂ, ਜਦੋਂ ਤੱਕ ਤਾਲਿਬਾਨ ਸਹਿਯੋਗ ਨਹੀਂ ਕਰਦੇ।ਇਸ ਲਈ ਤਾਲਿਬਾਨ ਨੂੰ ਨਾਲ ਲੈ ਕੇ ਚੱਲਣਾ ਬਹੁਤ ਜ਼ਰੂਰੀ ਹੈ, ਤਾਂ ਹੀ ਅਫਗਾਨਿਸਤਾਨ ਨੂੰ ਇਸ ਮਨੁੱਖੀ ਸੰਕਟ ਤੋਂ ਬਚਾਇਆ ਜਾ ਸਕਦਾ ਹੈ।

ਬੋਰਿਸ ਜਾਨਸਨ ਨੇ ਇਹ ਵੀ ਕਿਹਾ ਕਿ ਇਸ ਗੱਲ ਦਾ ਸਵਾਲ ਨਹੀਂ ਉੱਠਦਾ ਕਿ ਇਸ ਮੁੱਦੇ ਉੱਤੇ ਬ੍ਰਿਟੇਨ ਇੱਕ ਪਾਸੇ ਹੋ ਗਿਆ ਜਾਂ ਨਹੀਂ। ਉਨ੍ਹਾਂ ਕਿਹਾ ਕਿ ਭਾਵੇਂ ਅਫਗਾਨਿਸਤਾਨ ਵਿੱ-ਚਇਸ ਸਮੇਂਸਹੀ ਲੀਡਰਸ਼ਿਪ ਨਹੀਂ, ਇਸ ਦੇ ਬਾਵਜੂਦ ਓਥੇ ਇਕ ਸਰਕਾਰ ਹੈ, ਬ੍ਰਿਟੇਨ ਨੂੰ ਉਨ੍ਹਾਂ ਨਾਲ ਸਹਿਯੋਗ ਲਈ ਅੱਗੇ ਵਧਣਾ ਚਾਹੀਦਾ ਹੈ। ਅਸੀਂ ਓਥੇ ਲੋਕਾਂ ਦੀ ਮਦਦ ਕਰਨ ਦੀ ਗੱਲਕਰ ਰਹੇ ਹਾਂ, ਇਸ ਲਈ ਇਹ ਬਹੁਤ ਜ਼ਰੂਰੀ ਹੈ।

ਦੂਸਰੇ ਪਾਸੇ ਤਾਲਿਬਾਨ ਨੇਵੀ ਬ੍ਰਿਟਿਸ਼ ਪ੍ਰਧਾਨ ਮੰਤਰੀ ਬੋਰਿਸ ਜਾਨਸਨ ਦੇ ਬਿਆਨ ਦਾ ਸਵਾਗਤ ਕੀਤਾ ਹੈ। ਟੋਲੋ ਨਿਊਜ਼ ਦੇ ਮੁਤਾਬਕ ਅਫਗਾਨਿਸਤਾਨ ਦੇ ਇਸਲਾਮਿਕ ਅਮੀਰਾਤ ਦੇ ਉਪ ਬੁਲਾਰੇ ਇਨਾਮੁੱਲਾ ਸਮੰਗਨੀ ਨੇ ਆਖਿਆ ਕਿ ਤਾਲਿਬਾਨ ਬੋਰਿਸ ਜਾਨਸਨ ਦੇ ਬਿਆਨ ਦਾ ਸਵਾਗਤ ਕਰਦਾ ਹੈ। ਉਨ੍ਹਾਂ ਕਿਹਾ ਕਿ ਇਸ ਬਿਆਨ ਪਿੱਛੋਂ ਦੋਵਾਂ ਪਾਸਿਆਂ ਤੋਂ ਸਹਿਯੋਗ ਨਾਲ ਤਾਲਿਬਾਨ ਦੇ ਨਾਲ ਬਾਹਰੀ ਦੁਨੀਆ ਦੇ ਸਬੰਧ ਮਜ਼ਬੂਤ ਅਤੇ ਬਿਹਤਰ ਹੋਣਗੇ। ਸਮੰਗਨੀ ਨੇ ਕਿਹਾ ਕਿ ਤਾਲਿਬਾਨ ਨੇ ਗੱਲਬਾਤ ਲਈ ਕਿਸੇ ਵੀ ਦੇਸ਼ ਲਈ ਦਰਵਾਜ਼ੇ ਬੰਦ ਨਹੀਂ ਕੀਤੇ, ਦਰਵਾਜ਼ੇ ਸਾਰਿਆਂ ਲਈ ਖੁੱਲ੍ਹੇ ਹਨ। ਜੇ ਇਸ ਵਿੱਚ ਕੋਈ ਸਮੱਸਿਆ ਹੈ ਤਾਂਗੱਲਬਾਤ ਰਾਹੀਂ ਹੱਲ ਕੀਤੀ ਜਾ ਸਕਦੀ ਹੈ।


ਆਓ ਸੱਤ ਸਮੁੰਦਰੋ ਪਾਰ ਵਾਲਿਆਂ ਦਾ ਵੀ ਸੋਚੀਏ



Super Visa
- How your spouse can join you within 4-6 months
- How your parents can join you
- How students & skilled people can come to Canada
- How international Students & Foreign workers can get their immigration

We do appeal for Refusal cases also

Sponsor Your Family

MacroGlobal Immigration Services Ltd.
Seema Bhayana
ICCRC



Ph: 905 452 0000, 905 452 9999
180 Wilkinson Road, Unit 18 Brampton, ON L6T 4M3
Fax: 905 452 9996 Email: macroglobal@rogers.com
www.macroimmigration.com



SherGill Law Firm
Barrister, Solicitor & Notary Public

Services:
- Real Estate
- Residential, Commercial & Franchise
- Criminal Law
- Family Law
- Affidavit, Power Of Attorney & Notarization
- Immigration Matters

Paramjit Singh Gill
(MBA,LL.B.)
Tel: 905-790-3636



2565 Steeles Ave E Unit #20, Brampton, ON L6T 4L6
Emergency Contact:
416.910.5676
www.shergilllawfirm.ca



NEED A LAWYER ??
Red Seal NOTARY
KAUR LAW OFFICE



MANJEET KAUR
LL.B., (London UK)
Barrister, Solicitor & Notary Public

REAL ESTATE LAWYER
- Residential & Commercial
- Sale/Purchase of House
- Mortgage & Refinancing
- Drafting/Reviewing Agreements
- Title Transfer
- 2nd Mortgage

IMMIGRATION
- Skilled Worker Category
- Spousal & Family Sponsorship
- Student Permits Visa & Renewals
- PR Renewal/ Citizenship Application

FAMILY LAWYER
- Child & Spousal support
- Custody & Access
- Divorce
- Equalization

BUSINESS LAW
- Incorporation & Shareholder agreements
- Sales & Purchase of Assets & Shares
- Notarization & Affidavits

WILLS & ESTATE
- Wills
- Certificate of Estate Trustee with/without Will
- Power of attorney for Property & Personal Care

Tel : 905-454-0099
Fax: 905-454-2234
2575 Steeles Ave. E., Unit 1,Brampton, ON L6T 5T1



Grand Upholstery Ltd
Sofa Company Originality in Every Piece
Special on Sale
- ਪੁਰਾਣੇ ਸੋਫਿਆਂ ਦੀ ਮੁਰੰਮਤ ਵੀ ਕੀਤੀ ਜਾਂਦੀ ਹੈ
- ਟੌਪ ਕੁਆਲਿਟੀ ਦੀ ਫੋਮ ਅਤੇ ਸਪਰਿੰਗ ਵਰਤੇ ਜਾਂਦੇ ਹਨ।
- ਆਪਣੀ ਮਨਪਸੰਦ ਦਾ ਕੋਈ ਵੀ L Shape ਡਿਜਾਇਨ ਅਤੇ ਰੰਗ ਚੁਣ ਸਕਦੇ ਹੋ।
- ਕੱਪੜਾ ਚਾੜ ਕੇ ਪੁਰਾਣਾ ਸੋਫਾ, ਡਾਇਨਿੰਗ ਚੇਅਰ ਨੂੰ ਨਵਿਆਂ ਵਰਗਾ ਬਣਾਉਂਦੇ ਹਾਂ

ਆਰਡਰ ਦੇ ਕੇ ਨਵੇਂ ਸੋਫੇ ਦੂਜੇ ਸਟੋਰਾਂ ਨਾਲੋ ਘੱਟ ਕੀਮਤ ਉੱਤੇ ਵੀ ਲੈ ਸਕਦੇ ਹੋ



ਕੁਆਲਿਟੀ ਮੂਹੋਂ ਬੋਲਦੀ ਹੈ

Tel: 905.791.2888 Cell: 647.293.3212
2053 williams Pkway unit #45, Brampton, ON L6S 5T4 Email: grandupholsery@gmail.com

# ਕੈਪਟਨ ਅਮਰਿੰਦਰ ਦਾ ਐਲਾਨ: ਚੋਣ ਪਟਿਆਲੇ ਤੋਂ ਹੀ ਲੜਾਂਗਾ

ਚੰਡੀਗੜ੍ਹ, 21 ਨਵੰਬਰ, (ਪੋਸਟ ਬਿਊਰੋ)- ਅਗਲੇ ਸਾਲ ਦੀਆਂ ਪੰਜਾਬ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਮੋਹਰੀ ਸਿਆਸੀ ਆਗੂ ਮੈਦਾਨ ਮੱਲਣ ਲੱਗ ਪਏ ਹਨ।ਇਨ੍ਹਾਂ ਵਿੱਚੋਂ ਕੈਪਟਨ ਅਮਰਿੰਦਰ ਸਿੰਘਨੇ ਅਗਲੀ ਚੋਣ ਯੋਜਨਾ ਸਪੱਸ਼ਟ ਕਿਹਾ ਹੈ ਕਿ ਉਹ ਇਹ ਚੋਣ ਵੀ ਪਟਿਆਲਾ ਹਲਕੇ ਤੋਂ ਹੀ ਲੜਨਗੇ।

ਕੈਪਟਨ ਅਮਰਿੰਦਰ ਸਿੰਘ ਨੇ ਅੱਜ ਕਿਹਾ ਕਿ ਪਟਿਆਲੇ ਨਾਲ ਉਨ੍ਹਾਂ ਦੇ ਪਰਿਵਾਰ ਦਾ ਚਾਰ ਸੌ ਸਾਲ ਦਾ ਰਿਸ਼ਤਾ ਹੈ, ਇਹ ਉਨ੍ਹਾਂ ਦੀ ਰਿਆਸਤ ਰਹੀ ਹੈ ਅਤੇ ਉਹ ਨਵਜੋਤ ਸਿੰਘਸਿੱਧੂਦੇ ਕਾਰਨ ਪਟਿਆਲਾ ਨਹੀਂ ਛੱਡਣ ਲੱਗੇ।ਇਸ ਤੋਂ ਪਹਿਲਾਂ ਵੀ ਕੈਪਟਨ ਅਮਰਿੰਦਰ ਸਿੰਘ ਕਈ ਵਾਰ ਕਹਿ ਚੁੱਕੇ ਹਨ ਕਿ ਉਹ

## * ਭਾਜਪਾ ਅਕਾਲੀਆਂ ਦੀ ਥਾਂ ਕੈਪਟਨ ਨਾਲ ਜਾਵੇਗੀ: ਅਸ਼ਵਨੀ ਸ਼ਰਮਾ

ਨਵਜੋਤ ਸਿੰਘਸਿੱਧੂ ਨੂੰ ਕਿਸੇ ਹਾਲਤ ਜਿਤਣ ਨਹੀਂ ਦੇਣਗੇ। ਇਸ ਦੌਰਾਨ ਇਹ ਗੱਲਚੱਲੀ ਸੀ ਕਿ ਨਵਜੋਤ ਸਿੰਘਸਿੱਧੂ ਨੂੰ ਸਬਕ ਸਿਖਾਉਣ ਲਈ ਕੈਪਟਨ ਅਮਰਿੰਦਰ ਸਿੰਘ ਸ਼ਾਇਦ ਅੰਮ੍ਰਿਤਸਰ ਤੋਂ ਚੋਣ ਲੜਨ, ਪਰ ਉਨ੍ਹਾਂ ਨੇ ਪਟਿਆਲਾ ਚੁਣਿਆ ਹੈ, ਜਿੱਥੋਂ ਉਹ ਇਸ ਵੇਲੇ ਵਿਧਾਇਕ ਹਨ।ਉਨ੍ਹਾਂ ਕਿਹਾ ਸੀ ਕਿ ਨਵਜੋਤ ਸਿੰਘਸਿੱਧੂਵਿਰੁੱਧ ਤਕੜਾ ਉਮੀਦਵਾਰ ਖੜ੍ਹਾ ਕਰਨਗੇ। ਸਿੱਧੂ ਦੀ ਪਤਨੀ ਡਾ. ਨਵਜੋਤ ਕੌਰ ਨੇ ਕੈਪਟਨ ਨੂੰ ਅੰਮ੍ਰਿਤਸਰ ਪੂਰਬੀ ਤੋਂ ਚੋਣ ਲੜਨ ਨੂੰ ਵੰਗਾਰਿਆ ਸੀ, ਜਿੱਥੋਂ ਨਵਜੋਤ ਸਿੰਘਸਿੱਧੂ ਵਿਧਾਇਕ ਹਨ।

ਦੂਸਰੇ ਪਾਸੇ ਨਵਜੋਤ ਸਿੰਘ ਸਿੱਧੂ ਲੰਮੇਂ ਸਮੇਂ ਤੋਂ ਕੈਪਟਨ ਅਮਰਿੰਦਰ ਸਿੰਘ ਦੇ ਗੜ੍ਹ ਪਟਿਆਲਾ ਵਿਚ ਡੇਰਾ ਲਾਈ ਬੈਠੇ ਹਨ। ਉਨ੍ਹਾਂ ਦੀਆਂ ਸਾਰੀਆਂ ਸਿਆਸੀ ਸਰਗਰਮੀਆਂ ਏਥੋਂ ਚੱਲਦੀਆਂ ਹਨ, ਪਰ ਉਨ੍ਹਾਂਸਾਫ ਕਿਹਾ ਹੈ ਕਿ ਉਨ੍ਹਾਂ ਦਾ ਚੋਣ ਮੈਦਾਨ ਅੰਮ੍ਰਿਤਸਰ ਹੀ ਹੈ ਅਤੇ ਉਹ ਅੰਮ੍ਰਿਤਸਰ ਛੱਡ ਕੇ ਨਹੀਂ ਜਾਣਗੇ। ਸਾਲ 2014 ਦੀਆਂ ਲੋਕ ਸਭਾ ਚੋਣਾਂ ਵਿਚ ਭਾਜਪਾ ਨੇ ਅੰਮ੍ਰਿਤਸਰ ਤੋਂ ਨਵਜੋਤ ਸਿੰਘ ਸਿੱਧੂ ਦੀ ਥਾਂ ਅਰੁਣ ਜੇਤਲੀ ਨੂੰ ਲਿਆ ਕੇਸਿੱਧੂ ਨੂੰ ਕਿਸੇ ਹੋਰ ਥਾਂ ਤੋਂ ਲੜਨ ਨੂੰ ਕਿਹਾ ਸੀ, ਪਰ ਉਨ੍ਹਾਂ ਨੇ ਨਾਂਹ ਕਰ ਦਿੱਤੀ ਸੀ।ਅਰੁਣ ਜੇਤਲੀ ਨੂੰ ਕੈਪਟਨ ਅਮਰਿੰਦਰ ਸਿੰਘ ਤੋਂ ਹਾਰ ਗਏ ਸਨ।

ਇਸ ਦੌਰਾਨ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਵੀ ਫ਼ਾਜ਼ਿਲਕਾ ਜ਼ਿਲੇ ਵਿੱਚੋਂ ਜਲਾਲਾਬਾਦ ਸੀਟ ਤੋਂ ਮੁੜ ਕੇ ਚੋਣ ਲੜਨ ਦਾ ਐਲਾਨ ਕਰ ਚੁੱਕੇ ਹਨ। ਉਹ ਇਹ ਕਈ ਵਾਰ ਕਹਿ ਚੁੱਕੇ ਹਨ ਕਿ ਪੁਰਾਣੀ ਸੀਟ ਛੱਡ ਕੇ ਨਹੀਂ ਜਾਣਗੇ।ਇਸ ਵਕਤ ਉਹ ਫਿਰੋਜ਼ਪੁਰ ਲੋਕ ਸਭਾ ਹਲਕੇ ਤੋਂ ਪਾਰਲੀਮੈਂਟ ਮੈਂਬਰ ਹਨ, ਪਰ 2017 ਦੀਆਂ ਵਿਧਾਨ ਸਭਾ ਚੋਣਾਂ ਵਿਚ ਜਲਾਲਾਬਾਦ ਹਲਕੇ ਤੋਂ ਹੀ ਪੰਜਾਬ ਵਿਧਾਨ ਸਭਾ ਦੀ ਚੋਣ ਜਿੱਤੇ ਸਨ।

ਭਾਜਪਾ ਦੇ ਪੰਜਾਬ ਦੇ ਪ੍ਰਧਾਨ ਅਸ਼ਵਨੀ ਸ਼ਰਮਾ ਨੇ ਪਾਰਟੀ ਦੇ ਸਾਬਕਾ ਭਾਈਵਾਲ ਅਕਾਲੀ ਦਲ ਨਾਲ ਮੁੜ ਕੇ ਹੱਥ ਮਿਲਾਉਣ ਗੱਲ ਰੱਦ ਕਰ ਕੇ ਕਿਹਾ ਹੈ ਕਿ ਉਨ੍ਹਾਂਦੀ ਥਾਂ ਭਾਜਪਾ ਅਮਰਿੰਦਰ ਸਿੰਘ ਨੂੰ ਪਹਿਲ ਦੇਵੇਗੀ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੱਲੋਂ ਤਿੰਨ ਵਿਵਾਦਤ ਖੇਤੀ ਕਾਨੂੰਨਰੱਦ ਕਰਨ ਦੇ ਐਲਾਨ ਪਿੱਛੋਂ ਪੰਜਾਬ ਦੀ ਭਾਜਪਾ ਨੂੰ ਆਸਹੈ ਕਿ ਉਹ ਕਾਂਗਰਸ, ਅਕਾਲੀ ਦਲ ਅਤੇ ਆਮ ਆਦਮੀ ਪਾਰਟੀ ਨੂੰ ਟੱਕਰ ਦੇਣ ਲਈ ਬਾਕੀ ਧੜਿਆਂ ਨਾਲ ਮਿਲ ਕੇ ਵੱਡੀ ਧਿਰ ਬਣ ਸਕਦੀ ਹੈ। ਪੰਜਾਬ ਭਾਜਪਾ ਦੇ ਪ੍ਰਧਾਨ ਅਸ਼ਵਨੀ ਸ਼ਰਮਾ ਨੇ ਅੱਜ ਕਿਹਾ ਕਿ 'ਗਠਜੋੜ ਬਰਾਬਰ ਦੀ ਭਾਈਵਾਲੀ ਹੁੰਦੀ ਹੈ, ਅਕਾਲੀ ਦਲ ਪਿਛਲੀ ਵਾਰ 94 ਸੀਟਾਂ ਉੱਤੇ ਚੋਣ ਲੜਿਆ ਤੇ ਭਾਜਪਾ ਨੇ ਗਠਜੋੜਖਾਤਰ ਤੇਈ ਸੀਟਾਂ ਲੜਨ ਦਾ ਫੈਸਲਾ ਪੰਜਾਬ ਦੇ ਹਿੱਤਾਂ ਲਈ ਕੀਤਾ ਸੀ, ਉਸ ਗਠਜੋੜ ਵਿੱਚ ਵਾਪਸ ਜਾਣ ਦੀ ਸੰਭਾਵਨਾ ਕੋਈ ਨਹੀਂ ਰਹੀ।ਇਨ੍ਹਾਂ ਚੋਣਾਂ ਦੌਰਾਨ ਕੈਪਟਨ ਅਮਰਿੰਦਰ ਸਿੰਘ ਨਾਲ ਗਠਜੋੜ ਬਾਰੇ ਉਨ੍ਹਾਂ ਕਿਹਾ ਕਿ 'ਕੈਪਟਨ ਸਾਹਿਬ ਦੀ ਸ਼ਹਿਰੀ ਖੇਤਰਾਂ ਵਿੱਚ ਪਕੜ ਹੈ ਤੇ ਉਨ੍ਹਾਂ ਨੇ ਭਾਜਪਾ ਨਾਲ ਗਠਜੋੜ ਕਰਨ ਦੀ ਇੱਛਾ ਦਿਖਾਈ ਹੈ।'

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post

Punjabipost.ca
905-793-2202
27 Armthorpe Rd #3,
Brampton, L6T 5M4

| | |
|---|---|
| Founder Editor | Jagdish Singh Grewal |
| Managing Director | Parminder Kaur Grewal |
| Contributing Editors | Gyan Singh, |
| Office Admin | Sajandeep Singh |
| Graphic Designer | Angrez Singh |
| Photographer | Kanwaljit Singh Kanwal |
| Distributer<br>Marketing: | Aman Warraich<br>Sajandeep Singh |

Punjabi Post is a daily newspaper, published *Monday to Friday*. Advertiser is solely responsible for the ads content, releasing Punjabi post from any and all liability arising from Advertiser's use of the ads/advertising materials as permitted in an Agreement or IO. The opinions expressed in the articles & columns are those of the writers, editors or any other staff member at Punjabi post assume no responsibility of any kind. Thank you.

905-793-2202
ਪੰਜਾਬੀ ਪੋਸਟ

# ਮਾਡਰਨ ਜੇਲ੍ਹ ਕਪੂਰਥਲਾ ਵਿੱਚ 60 ਕੈਦੀਆਂ ਦੀ ਮੌਤ ਤੋਂ ਹਾਈ ਕੋਰਟ ਨੂੰ ਚਿੰਤਾ

ਕਪੂਰਥਲਾ, 21 ਨਵੰਬਰ (ਪੋਸਟ ਬਿਊਰੋ)- ਪੰਜਾਬ ਹਰਿਆਣਾ ਹਾਈ ਕੋਰਟ ਦੇ ਜਸਟਿਸ ਅਵਨੀਸ਼ ਝਿੰਗਨ ਨੇ ਮਾਡਰਨ ਜੇਲ੍ਹ ਕਪੂਰਥਲਾ ਵਿਚ ਦੋ ਸਾਲ ਤੋਂ ਘੱਟ ਸਮੇਂ ਵਿਚ 60 ਕੈਦੀਆਂ ਦੀਮੌਤ ਉੱਤੇਚਿੰਤਾ ਪ੍ਰਗਟ ਕੀਤੀ ਹੈ।

ਜਸਟਿਸ ਝਿੰਜਨ, ਜੋ ਜ਼ਿਲ੍ਹਾ ਸੈਸ਼ਨ ਕੋਰਟ ਕਪੂਰਥਲਾ ਦੇ ਪ੍ਰਸ਼ਾਸਨਿਕ ਜੱਜ ਵੀ ਹਨ, ਨੇ ਕਿਹਾ ਕਿ ਉਹ ਜਲਦੀ ਹੀ ਫਿਰ ਜੇਲ੍ਹ ਦੀ ਜਾਂਚ ਕਰਨਗੇ ਤਾਂ ਕਿ ਕੈਦੀਆਂ ਵੱਲੋਂ ਕੀਤੀਆਂ ਖੁਦਕੁਸ਼ੀਆਂ ਦੇ ਕਾਰਨਾਂ ਦਾ ਪਤਾ ਲਾਇਆ ਜਾ ਸਕੇ। ਇਨ੍ਹਾਂ ਵਿੱਚ ਬਹੁਤੇ ਨਸ਼ਾ ਕਰਨ ਵਾਲੇ ਕੈਦੀ ਹਨ। ਇਸ ਲਈ ਜੇਲ੍ਹ ਵਿੱਚ ਨਸ਼ਾਮੁਕਤੀ ਕੇਂਦਰ ਬਾਰੇ ਸਖਤ ਕਦਮ ਚੁੱਕੇ ਜਾਣਗੇ ਤਾਂ ਕਿ ਕੀਮਤੀ ਜਾਨਾਂ ਨੂੰ ਬਚਾਇਆ ਜਾ ਸਕੇ। ਪਤਾ ਲੱਗਾ ਹੈ ਕਿਨਸ਼ੀਲੇ ਪਦਾਰਥਾਂ ਦੇ ਐਕਟ ਹੇਠ ਛੋਟੇ ਅਪਰਾਧੀਆਂ ਦੇ ਖਿਲਾਫ ਦਰਜ ਕੇਸਾਂ, ਜਿਨ੍ਹਾਂ ਨੇ ਨਸ਼ਾ ਛੱਡ ਦਿੱਤਾ ਹੈ, ਦੇ ਕਾਰਨ ਖੁਦਕੁਸ਼ੀਆਂ ਵਧੀਆਂ ਹਨ। ਉਨ੍ਹਾਂ ਨੇ ਕਿਹਾ ਕਿ ਉਹ ਇਸ ਦੀ ਜਾਂਚ ਕਰਾਉਣਗੇ। ਉਨ੍ਹਾ ਨੇ ਜ਼ਿਲ੍ਹਾ ਅਤੇ ਸੈਸ਼ਨ ਜੱਜ ਅਮਰਿੰਦਰ ਸਿੰਘ ਨੂੰ ਵੀ ਕਿਹਾ ਕਿ ਉਹ ਜੇਲ੍ਹ ਦਾ ਦੌਰਾ ਕਰ ਕੇ ਜੇਲ੍ਹ ਵਿੱਚ ਵਧਦੇ ਮੌਤ ਦੇ ਕੇਸਾਂ ਦੀ ਜਾਂਚ ਲਈ ਲੋੜੀਂਦੇ ਉਪਾਅ ਕਰਨ ਅਤੇ ਉਨ੍ਹਾਂ ਨੂੰ ਰਿਪੋਰਟ ਦੇਣ। ਜੇਲ੍ਹਾਂ ਵਿੱਚ ਬੰਦ ਵਿਚਾਰਅਧੀਨ ਕੈਦੀਆਂ ਨੂੰ ਜ਼ਮਾਨਤਾਂ ਵਿੱਚ ਜ਼ਿਆਦਾ ਦੇਰੀ ਬਾਰੇ ਸਵਾਲ ਦਾ ਜਵਾਬ ਦਿੰਦੇ ਹੋਏ ਜਸਟਿਸ ਝਿੰਜਨ ਨੇ ਕਿਹਾ ਕਿ ਨਿਆਂ ਪ੍ਰਕਿਰਿਆ ਵਿਚ ਅਜਿਹੇ ਕੇਸਾਂ ਨੂੰ ਸਮਾਂ ਲੱਗਦਾ ਹੈ। ਜੇਲ੍ਹ ਕੰਪਲੈਕਸ ਵਿਚਲੇ ਜੈਮਰ ਦੇ ਬਾਵਜੂਦ ਕੈਦੀਆਂ ਵੱਲੋਂ ਮੋਬਾਈਲ ਤੇ ਸਿਮ ਦੀ ਨਾਜਾਇਜ਼ ਵਰਤੋਂਬਾਰੇ ਜਸਟਿਸ ਝਿੰਜਨ ਨੇ ਕਿਹਾ ਕਿ ਇਹ ਪੁਰਾਣੇ ਹੋ ਗਏ ਹਨ ਅਤੇ ਜੇਲ੍ਹ ਅਧਿਕਾਰੀ ਇਸ ਖਤਰੇ ਨੂੰ ਰੋਕਣ ਲਈ ਨਵੀਂ ਮਸ਼ੀਨਰੀ ਵਰਤਣ ਲੱਗੇ ਹਨ।

REXDALE FINANCIAL SERVICES
WE HELP YOU START, GROW AND SUCCEED
We bring Canada's leading lenders to you
The Mortgage Centre
I direct mortgages Inc.
21 Roysun Rd, #6, Woodbridge, ON L4L 8R3
Ph: 905.652.3000 ext 467 | 905.652.300 ext 468
Each Mortgage center is independently owned and operated
Call now: 416.674.8035 | 416.674.7050 or Fax: 416.674.9009
ਮਿਲ ਰਹੇ ਘੱਟ ਵਿਆਜ ਦਰਾਂ ਦਾ ਫਾਇਦਾ ਚੱਕੋ ਅਤੇ ਹਜ਼ਾਰਾਂ ਹੀ ਡਾਲਰ ਬਚਾਓ!
• DEBT CONSOLIDATION • HOME EQUITY
• LOANS • HOME RENOVATION
• WANT TO GET OUT OF CREDIT CARD DEBT
ਜਿਆਦਾ ਕਰਜਾ ਦੇ ਕੇ ਥੱਕ ਚੁੱਕੇ ਹੋ?
ਆਪਣਾ ਕਰਜਾਂ ਚੁਕਾਓ!!!
ਬੈਂਕ ਨੇ ਕਰ ਦਿੱਤੀ 'ਨਾਂਹ',
ਅਸੀਂ ਕਰਾਂਗੇ 'ਹਾਂ'
MORTGAGES SUITABLE FOR EVERY NEED!
1st & 2nd Mortgage Available
ALL IN ONE LOW MONTHLY PAYMENT!
Increase Your Cash Flow by up to 50%
YOU NEED A MORTGAGE? WE'LL ARANGE IT FOR YOU NO MATTER WHAT YOUR REASON IS!
Self Employed or Unemployed
Each Mortgage Centre is independently owned and operated
19 Woodbine Downs Blvd, #201, Etobicoke, ON M9W 6N5
Jaspal Singh Gahunia #M08006400
416.677.0047

ਖਿੜਕੀਆਂ ਅਤੇ ਦਰਵਾਜੇ ਲਗਵਾਓ Free Estimates
ਵਨਾਈਲ ਅਤੇ ਐਲੂਮੀਨੀਅਮ ਵਿੰਡੋਜ਼,
ਸਟੋਰਮ ਡੋਰ, ਕਲੋਸੈਟ ਡੋਰ ਮਿਰਰਜ਼,
ਪੋਰਚ ਐਨਕਲੋਜ਼ਡ, ਮੇਨ ਐਂਟਰੈਂਸ ਡੋਰ,
ਹਰ ਤਰਾਂ ਦਾ ਗਲਾਸ ਰਿਪਲੇਸਮੈਂਟ
ਅਸੀਂ ਪੇਂਟ ਵੀ ਕਰਦੇ ਹਾਂ
24 ਘੰਟੇ ਤੁਹਾਡੀ ਸੇਵਾ ਵਿੱਚ
CANADIAN GLASS AND WINDOW
SINGH (TOCHI)
416-454-3031
647-784-8240
Email: tochisangha1@hotmail.com

# ਨਿਊਜ਼ੀਲੈਂਡ ਦੇ ਕਿਸਾਨਾਂ ਵੱਲੋਂ ਭਾਰਤੀ ਕਿਸਾਨਾਂ ਵਾਂਗ ਟਰੈਕਟਰਾਂ ਨਾਲ ਰੋਸ ਪ੍ਰਦਰਸ਼ਨ

ਆਕਲੈਂਡ, 21 ਨਵੰਬਰ, (ਪੋਸਟ ਬਿਊਰੋ)- ਨਿਊਜ਼ੀਲੈਂਡ ਵਿੱਚ ਅੱਜ 'ਮਦਰ ਆਫ ਆਲ ਪ੍ਰੋਟੈਸਟਸ' ਦੇ ਨਾਂ ਹੇਠ ਕਈ ਵੱਡੇ-ਛੋਟੇ ਸ਼ਹਿਰਾਂ ਵਿੱਚ ਕਿਸਾਨਾਂ ਨੇ ਪ੍ਰਦਰਸ਼ਨ ਕਰਕੇ ਆਪਣੀਆਂ ਅੱਠ ਮੰਗਾਂ ਵੱਲ ਸਰਕਾਰ ਦਾ ਧਿਆਨ ਦਿਵਾਇਆ ਹੈ।ਇਸ ਦੌਰਾਨ ਸ਼ਹਿਰਾਂ ਵਿਚ ਕਿਸਾਨ ਵੱਡੇ ਟਰੈਕਟਰ ਅਤੇ ਯੂਟ ਲੈ ਕੇ ਆਏ ਤੇ ਬੈਨਰ ਲਹਿਰਾ ਕੇ ਮੰਗਾਂ ਦੀ ਪੇਸ਼ਕਾਰੀ ਕੀਤੀ, ਜਿਸ ਦੌਰਾਨ ਸਾਰਾ ਸਮਾਂ ਸ਼ਹਿਰਾਂ ਵਿੱਚ ਟਰੈਕਟਰਾਂ ਤੇ ਯੂਟਾਂ ਦੇ ਹਾਰਨ ਵੱਜਦੇ ਰਹੇ।

ਕਿਸਾਨਾਂ ਦੇ ਰੋਸ ਪ੍ਰਦਰਸ਼ਨ ਦਾ ਸੱਦਾ ਦੇਣ ਵਾਲੇ 'ਗਰਾਊਂਡਜਵੈੱਲ ਐਨਜ਼ੈੱਡ' ਦੇ ਆਗੂ ਲੌਰੀ ਪੀਟਰਸਨਤੇ ਕੋ-ਲੀਡਰ ਬਰਾਈਸ ਮੈਕੈਨਜ਼ੀ ਦੇ ਨਾਲਮੁੱਖ ਵਿਰੋਧੀ ਧਿਰ, ਨੈਸ਼ਨਲ ਪਾਰਟੀ ਨੇ ਸਮਰਥਨ ਕੀਤਾ ਸੀ। ਪਾਰਟੀ ਆਗੂ ਜੁਡਿਥ ਕੌਲਿਨਜ ਨੇ ਟਰੈਕਟਰ ਉੱਤੇ ਚੜ੍ਹ ਕੇ ਕਿਸਾਨਾਂ ਨਾਲ ਖੜੋਣ ਦਾ ਭਰੋਸਾ ਦਿੱਤਾ। ਪੁੱਕੀਕੁਈ ਵਿੱਚ ਨੈਸ਼ਨਲ ਪਾਰਟੀ ਦੇ ਐੱਮ ਪੀ ਐਂਡਰਿਊ ਲਿਟਲ ਨੇ ਘੋੜੇ ਉੱਤੇ ਚੜ੍ਹ ਕੇ ਕਿਸਾਨਾਂ ਨਾਲ ਆਪਣੀਸਾਂਝ ਵਿਖਾਈ। ਕਿਸਾਨਾਂ ਨੇ ਡੋਨਲਡ ਟਰੰਪ ਵਾਲੇ ਨਾਅਰੇ 'ਮੇਕ ਅਮੈਰਿਕਾ ਗਰੇਟ ਅਗੇਨ' ਵਾਂਗ ਛੋਟੇ ਸ਼ਬਦਾਂ ਵਿੱਚ 'ਐਮਏਜੀਏ' ਨੂੰ ਦੇਸ਼ ਦੀ ਪ੍ਰਧਾਨ ਮੰਤਰੀ ਜੈਸਿੰਡਾ ਅਰਡਰਨ ਦੇ ਵਿਰੋਧ ਵਿੱਚ 'ਮੇਕ ਅਰਡਰਨ ਗੋ ਅਵੇ' ਵਜੋਂ ਪੇਸ਼ ਕੀਤਾ ਅਤੇ



ਕਿਸਾਨਾਂ ਬਾਰੇ ਹੋਰ ਵੀ ਕਈ ਨਾਅਰਿਆਂ ਦੇ ਬੈਨਰ ਬਣਾਏ ਸਨ ਕਿ 'ਰੋਟੀ ਦੇਣ ਵਾਲੇ ਹੱਥਾਂ ਨੂੰ ਵੱਢਣਾ ਨਹੀਂ ਚਾਹੀਦਾ।' ਕਈ ਕਿਸਾਨ ਆਪਣੇ ਨਾਲ ਕੁੱਤੇ ਵੀ ਲੈ ਆਏ ਸਨ ਤਾਂ ਕਿ ਸੰਕੇਤਕ ਤੌਰ ਉੱਤੇ ਸਰਕਾਰ ਦਾ ਧਿਆਨ ਕਿਸਾਨੀ ਮੰਗਾਂ ਵੱਲ ਖਿੱਚਿਆ ਜਾ ਸਕੇ। ਇਸ ਪਰਦਰਸ਼ਨ ਵਿੱਚ 'ਨੋ ਫਾਰਮਰਜ, ਨੋ ਫੂਡ' ਦੇ ਬੈਨਰ ਵੀ ਸਨ। ਗਰਾਊਂਡਜਵੈੱਲ ਐਨਜ਼ੈੱਡ ਵੱਲੋਂ ਮੁੱਖ ਤੌਰ ਉੱਤੇ ਅੱਠ ਮੰਗਾਂ ਰੱਖੀਆਂ ਹਨ, ਜਿਨ੍ਹਾਂ ਵਿਚ ਫਰੈਸ਼ ਵਾਟਰ ਤੇ ਇੰਡੀਜੀਨਸ ਬਾਇਉ-ਡਾਇਵਰਸਿਟੀ ਬਾਰੇ ਨੈਸ਼ਨਲ ਪਾਲਿਸੀ ਸਟੇਟਮੈਂਟ ਵਾਪਸ ਲੈਣ ਦੀ ਮੰਗ ਦੇ ਨਾਲ ਸਿਗਨੀਫਿਕੈਂਟ ਨੈਚੁਰਲ ਏਰੀਆ ਦੇ ਨਿਯਮਰੱਦ ਕਰਨ, ਬਾਹਰਲੇ ਦੇਸ਼ਾਂ ਤੋਂ ਮੰਗਾਏ ਜਾਣ ਵਾਲੇ ਸੀਜ਼ਨਲ ਵਰਕਰਾਂ ਨੂੰ ਐਮਆਈਕਿਊ ਲਈ ਪਹਿਲ ਦੇਣ, ਥ੍ਰੀ ਵਾਟਰ ਰਿਫਾਰਮਜ ਵਾਪਸ ਲੈਂਦੇ ਨਾਲ ਐਨਜ਼ੈੱਡ ਇਮਿਸ਼ਨਜ ਟਰੇਡਿੰਗ ਸਕੀਮ, ਕਰਾਊਨ ਪੈਸਟਰਲ ਲੈਂਡ ਰੀਫਾਰਮ ਬਿੱਲ ਅਤੇ ਯੂਟ ਟੈਕਸ ਦਾ ਵਿਰੋਧ ਸ਼ਾਮਲ ਹਨ। ਕਿਸਾਨਾਂ ਨੇ ਪਹਿਲਾਂ ਵੀ ਇੱਕ ਵੱਡਾ ਪ੍ਰਦਰਸ਼ਨ ਕੀਤਾ ਸੀ, ਪਰ ਐਤਕੀਂ ਕੋਵਿਡ-19 ਦੀ ਪਾਬੰਦੀ ਕਾਰਨ ਪ੍ਰਬੰਧਕਾਂ ਨੇ ਕਿਸਾਨਾਂ ਨੂੰ ਗੱਡੀਆਂ ਵਿੱਚੋਂ ਬਾਹਰ ਨਾ ਨਿਕਲਣ ਲਈ ਕਿਹਾ ਸੀ।

ਜ਼ਰੂਰ ਜਾਣੋ; ਗਿਆਨ ਗੰਗਾ
|| ਜੀਵ ਹਮਾਰੀ ਜਾਤੀ ਹੈ, ਮਾਨਵ ਧਰਮ ਹਮਾਰਾ | ਹਿੰਦੂ, ਮੁਸਲਿਮ, ਸਿੱਖ, ਇਸਾਈ, ਧਰਮ ਨਹੀਂ ਕੋਈ ਨਿਆਰਾ ||
• ਬ੍ਰਹਮਾ, ਵਿਸ਼ਨੂੰ, ਮਹੇਸ਼ ਦੇ ਮਾਤਾ-ਪਿਤਾ ਕੌਣ ਹਨ ?
• ਸ਼ੇਰਾਂਵਾਲੀ ਮਾਤਾ (ਦੁਰਗਾ ਅਸ਼ਟਾਂਗੀ) ਦਾ ਪਤੀ ਕੌਣ ਹੈ ?
• ਸਾਨੂੰ ਜਨਮ ਦੇਣ ਤੇ ਮਾਰਣ ਵਿੱਚ ਕਿਸ ਪ੍ਰਭੂ ਦਾ ਸਵਾਰਥ ਹੈ ?
• ਅਸੀਂ ਸਾਰੇ ਦੇਵੀ-ਦੇਵਤਿਆਂ ਦੀ ਇੰਨੀ ਭਗਤੀ ਕਰਦੇ ਹਾਂ, ਫਿਰ ਵੀ ਦੁੱਖੀ ਕਿਉਂ ਹਾਂ ?
• ਬ੍ਰਹਮਾਂ, ਵਿਸ਼ਨੂੰ, ਮਹੇਸ਼ ਕਿਸਦੀ ਭਗਤੀ ਕਰਦੇ ਹਨ ?
• ਪੂਰਨ ਸੰਤ ਦੀ ਪਹਿਚਾਣ ਕੀ ਹੈ ? 'ਤੇ ਮੋਕਸ਼ ਕਿਵੇਂ ਮਿਲੇਗਾ ?
• ਪਰਮਾਤਮਾ ਸਾਕਾਰ ਹੈ ਜਾਂ ਨਿਰਾਕਾਰ ?
• ਕਿਸੀ ਵੀ ਗੁਰੂ ਦੀ ਸ਼ਰਨ ਵਿੱਚ ਜਾਣ ਨਾਲ ਮੁਕਤੀ ਸੰਭਵ ਹੈ ਜਾਂ ਨਹੀਂ ?
• ਤੀਰਥ, ਵਰਤ, ਤਰਪਣ ਅਤੇ ਸ਼ਰਾਧ ਨਿਕਾਲਣ ਨਾਲ ਕੋਈ ਲਾਭ ਹੈ ਜਾਂ ਨਹੀਂ (ਗੀਤਾ ਅਨੁਸਾਰ) ?
• ਸ਼੍ਰੀ ਕ੍ਰਿਸ਼ਨ ਜੀ ਕਾਲ ਨਹੀਂ ਹਨ | ਫਿਰ ਗੀਤਾ ਵਾਲਾ ਕਾਲ ਕੌਣ ਹੈ ?
• ਕੌਣ ਅਤੇ ਕਿਵੇਂ ਹੈ ? ਕਿੱਥੇ ਰਹਿੰਦਾ ਹੈ ? ਕਿਵੇਂ ਮਿਲਦਾ ਹੈ ? ਕਿਸ ਨੇ ਦੇਖਿਆ ਹੈ ਪੂਰਨ ਪਰਮਾਤਮਾ ?
• ਸਮਾਧੀ ਅਭਿਆਸ (Meditation) ਰਾਮ, ਹਰੇ ਕ੍ਰਿਸ਼ਣ, ਹਰੀ ਓਮ, ਹੰਸ, ਤਿੰਨ ਤੇ ਪੰਜ ਨਾਮਾਂ ਅਤੇ ਵਾਹਿਗੁਰੂ ਆਦਿ-2 ਨਾਮਾਂ ਦੇ ਜਾਪ ਤੋਂ ਸੁੱਖ ਅਤੇ ਮੁਕਤੀ ਸੰਭਵ ਹੈ ਜਾਂ ਨਹੀਂ?
ਗਿਆਨ ਗੰਗਾ
ਇਨ੍ਹਾਂ ਸਾਰੇ ਪ੍ਰਸ਼ਨਾਂ ਦੇ ਉੱਤਰ ਜਾਣਨ ਲਈ ਕ੍ਰਿਪਾ ਕਰਕੇ ਪੜ੍ਹੋ ਪੁਸਤਕ ਗਿਆਨ ਗੰਗਾ ਜਾਂ ਡਾਊਨਲੋਡ ਕਰੋ: www.jagatgururampalji.org
IPTV ਦੁਆਰਾ ਸਤਸੰਗ ਦੇਖੋ
Sadhna : 11:00 Am - 12:00 PM
Ishwar : 10:00 Am- 11:00 AM
MH One: 4:30 AM- 5:30 AM
Lok Shahi: 8:25 AM - 9:25 AM
Nepal 1: 8:30 PM -9:30 PM
Subharti : 10:30 AM- 11:30 AM
जन तंत्र: 7:30 PM - 8:30 PM
ਗਿਆਨ ਗੰਗਾ ਪੁਸਤਕ ਦੇ ਆਰਡਰ ਜਾਂ ਸਤਸੰਗ ਦੀ ਜਾਣਕਾਰੀ ਲਈ ਸੰਪਰਕ ਕਰੋ:
satlokashramcanada@gmail.com
satsahibusa@gmail.com
647-739-4641
346-714-0224

ukttc UK TRUCK TRAINING CENTRE
PCC #179958
Registered as a Private Careers College
ਹੁਣ ਕੈਮਬ੍ਰਿਜ ਵਿੱਚ ਨਵੀਂ ਲੋਕੇਸ਼ਨ ਖੁੱਲ ਗਈ ਹੈ!!!
225 Sheldon Dr #18, Cambridge
Automatic & Manual Trucks
1 on 1 Training
Air Brake Classes
Sat & Sun 8.00am to 4.00pm
Wed & Thu 4.00pm to 11.00pm
ਜਲਦੀ ਰੋਡ ਟੈਸਟ ਬੁਕਿੰਗ
Forklift Training
Forklift $79 Recertification
Counterbalance
Reach Truck
ਬਾਰ-ਬਾਰ ਫੇਲ੍ਹ ਹੋਣ ਤੋਂ ਬਚਣ ਲਈ ਤਜ਼ਰਬੇਕਾਰ ਇੰਸਟ੍ਰਕਟਰ ਤੋਂ ਟ੍ਰੇਨਿੰਗ ਪ੍ਰਾਪਤ ਕਰੋ।
We help in Written Test & in Finding Jobs
20 ਸਾਲਾਂ ਦਾ ਤਜ਼ਰਬਾ | 7 ਦਿਨ ਖੁੱਲਾ | ਗੇਅਰਾਂ ਵਾਲੇ ਟਰੱਕਾ ਦੀ ਸਪੈਸ਼ਲ ਟ੍ਰੇਨਿੰਗ
7542 Bath Rd, Mississauga, ON L4T 1L2, Off:905.673.7979
OPEN 7 DAYS
uktruck1@gmail.com
Jitpal Singh Deol
647-204-1936

BEST CANADIAN TRUCK & FORKLIFT TRAINING CENTRE
Registered as a Private Career College Under the Private Career College Act. 2005
Best Canadian Truck & Forklift Training Centre
AZ Tractor trailer program
Manual transmission & backup training everyday
We welcome welfare workers & compensation clients
Open Seven Days
Forklift Re-Certification Only $79.00/-
Karnail Singh
416.670.3173 | 905.799.7333
27 Edvac Dr, Brampton, ON L6S 5X8

# ਗਲਤ ਚੁੱਕਿਆ ਕਦਮ ਵਾਪਸ ਤਾਂ ਲੈ ਲਿਆ, ਪਰ ਪ੍ਰਧਾਨ ਮੰਤਰੀ ਮੋਦੀ ਬਾਕੀ ਪੱਖਾਂ ਬਾਰੇ ਕਦੋਂ ਸੋਚਣਗੇ!



ਜਤਿੰਦਰ ਪੰਨੂ

ਭਾਰਤ ਦਾ ਪ੍ਰਧਾਨ ਮੰਤਰੀ ਇਸ ਕਲਾ ਦਾ ਮਾਹਰ ਹੈ ਕਿ ਉਹ ਜਦੋਂ ਵੀ ਲੋਕਾਂ ਸਾਹਮਣੇ ਆਉਂਦਾ ਹੈ, ਇਸ ਤਰ੍ਹਾਂ ਅਚਾਨਕ ਦਿਖਾਲੀ ਦੇਂਦਾ ਹੈ ਕਿ ਲੋਕ ਹੱਕ-ਬੱਕੇ ਰਹਿ ਜਾਣ। ਨੋਟਬੰਦੀ ਸਮੇਤ ਬਹੁਤ ਸਾਰੇ ਫੈਸਲੇ ਲੋਕਾਂ ਨੂੰ ਪਰੋਸਣ ਲਈ ਉਸ ਨੇ ਏਦਾਂ ਹੀ ਅਚਾਨਕ ਦਿਖਾਲੀ ਦਿੱਤੀ ਸੀ। ਉੱਨੀ ਨਵੰਬਰ ਸ਼ੁੱਕਰਵਾਰ ਦੇ ਦਿਨ ਫਿਰ ਜਦੋਂ ਉਹ ਭਾਰਤ ਦੇ ਲੋਕਾਂ ਨੂੰ ਇੱਕ ਸੰਦੇਸ਼ ਦੇਣ ਲਈ ਅਚਾਨਕ ਟੈਲੀਵੀਜ਼ਨ ਸਕਰੀਨਾਂ ਉੱਤੇ ਦਿਖਾਈ ਦਿੱਤਾ ਤਾਂ ਹਮੇਸ਼ਾ ਵਾਂਗ ਆਮ ਲੋਕ ਸਾਹ ਰੋਕ ਕੇ ਸੁਣਨ ਲੱਗ ਪਏ ਕਿ ਅੱਜ ਫਿਰ ਕੋਈ ਵੱਡਾ ਸ਼ੋਸ਼ਾ ਛੱਡੇਗਾ। ਉਸ ਨੇ ਸ਼ੋਸ਼ਾ ਨਹੀਂ ਸੀ ਛੱਡਿਆ। ਇਹ ਪਹਿਲੀ ਵਾਰ ਸੀ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਚਿਹਰੇ ਉੱਤੇ ਉਹ ਚਮਕ ਨਹੀਂ ਸੀ, ਜਿਹੜੀ ਉਸ ਦੀ ਪਛਾਣ ਮੰਨੀ ਜਾਂਦੀ ਤੇ ਪ੍ਰਚਾਰੀ ਜਾਂਦੀ ਸੀ। ਉਸ ਦੇ ਸ਼ਬਦਾਂ ਵਿੱਚ ਆਪਣੇ ਕਿਸੇ ਫੈਸਲੇ ਦਾ ਫਖਰ ਨਹੀਂ, ਸਗੋਂ ਆਪਣੇ ਕੀਤੇ ਦੇ ਪਛਤਾਵੇ ਅਤੇ ਭਾਰਤ ਦੇ ਲੋਕਾਂ ਦੀ ਸੱਥ ਵਿੱਚ ਗੁਨਾਹਗਾਰ ਵਾਂਗ ਪੇਸ਼ ਹੋਣ ਵਾਲੀ ਭਾਵਨਾ ਬਦੋਬਦੀ ਬਾਹਰ ਆ ਰਹੀ ਸੀ। ਪ੍ਰਧਾਨ ਮੰਤਰੀ ਨੇ ਇਸ ਭਾਸ਼ਣ ਵਿੱਚ ਪਹਿਲਾਂ ਇਹ ਗਿਣਾਉਣਾ ਸ਼ੁਰੂ ਕੀਤਾ ਕਿ ਉਸ ਨੇ ਆਪਣੇ ਦੇਸ਼ ਦੇ ਲੋਕਾਂ ਅਤੇ ਖਾਸ ਤੌਰ ਉੱਤੇ ਕਿਸਾਨਾਂ, ਤੇ ਕਿਸਾਨਾਂ ਵਿੱਚੋਂ ਵੀ ਗਰੀਬ ਕਿਸਾਨਾਂ ਦੇ ਭਲੇ ਲਈ ਬਹੁਤ ਯਤਨ ਕੀਤੇ ਸਨ ਤੇ ਪਿਛਲੇ ਸਾਲ ਪਾਸ ਕੀਤੇ ਤਿੰਨ ਖੇਤੀਬਾੜੀ ਕਾਨੂੰਨ ਵੀ ਇਸੇ ਨੀਤੀ ਤੇ ਨੀਤ ਨੂੰ ਅੱਗੇ ਵਧਾਉਣ ਦੀ ਭਾਵਨਾ ਨਾਲ ਬਣਾਏ ਸਨ। ਫਿਰ ਇਹ ਗੱਲ ਕਹਿ ਦਿੱਤੀ ਕਿ ਦੇਸ਼ ਦੇ ਬਹੁਤ ਸਾਰੇ ਕਿਸਾਨਾਂ ਤੇ ਕਿਸਾਨ ਸੰਗਠਨਾਂ ਨੇ ਸਾਡੀ ਭਾਵਨਾ ਦਾ ਸਮੱਰਥਨ ਕੀਤਾ, ਪਰ 'ਕੁਝ ਲੋਕ' ਇਸ ਨੁਕਤੇ ਨੂੰ ਸਮਝ ਨਹੀਂ ਸਕੇ, ਇਸ ਲਈ ਅਸੀਂ ਇਹ ਕਾਨੂੰਨ ਵਾਪਸ ਲੈਣ ਦਾ ਫੈਸਲਾ ਕੀਤਾ ਹੈ। ਸਾਫ ਹੈ ਕਿ ਗਲਤੀ ਵੀ ਮੰਨਣੀ ਪੈ ਗਈ ਤਾਂ ਪ੍ਰਧਾਨ ਮੰਤਰੀ ਉਸ ਨੂੰ ਨੇਕੀ ਦੀ ਚਾਸ਼ਨੀ ਵਿੱਚ ਲਪੇਟ ਕੇ ਪੇਸ਼ ਕਰਨ ਦੀ ਕੋਸ਼ਿਸ਼ ਕਰ ਰਿਹਾ ਸੀ।

ਮਾਮਲਾ 'ਦੇਰ ਆਇਦ, ਦਰੁਸਤ ਆਇਦ' ਦਾ ਵੀ ਹੈ ਤਾਂ ਚੰਗਾ ਹੋਇਆ ਹੈ, ਪਰ ਇਸ ਦਾ ਸਿਰਫ ਸਵਾਗਤ ਕਰ ਕੇ ਛੱਡ ਦੇਣਾ ਸੌਖਾ ਨਹੀਂ। ਸੁਖੀ ਵੱਸਦੇ ਦੇਸ਼ ਉੱਤੇ ਜਦੋਂ ਸੰਸਾਰ ਭਰ ਦੇ ਹੋਰਨਾਂ ਦੇਸ਼ਾਂ ਵਾਂਗ ਕੋਰੋਨਾ ਵਾਇਰਸ ਦਾ ਹਮਲਾ ਹੋਇਆ ਪਿਆ ਸੀ, ਜਦੋਂ ਆਪਣੇ ਲੋਕਾਂ ਨੂੰ ਸਰਕਾਰ ਦੀ ਛਤਰੀ ਦੀ ਲੋੜ ਸੀ, ਓਦੋਂ ਭਾਰਤ ਦੇ ਪ੍ਰਧਾਨ ਮੰਤਰੀ ਨੇ ਆਪਣੀ ਨਿੱਜੀ ਸਾਂਝ ਨਿਭਾਉਣ ਅਤੇ ਦੋ ਪੂੰਜੀਪਤੀਆਂ ਦੇ ਵਾਰੇ-ਨਿਆਰੇ ਕਰਨ ਲਈ ਤਿੰਨ ਖੇਤੀਬਾੜੀ ਕਾਨੂੰਨ ਪਾਸ ਕਰਾਉਣ ਦਾ ਗਲਤ ਕਦਮ ਚੁੱਕ ਲਿਆ ਸੀ, ਜਿਹੜਾ ਆਖਰ ਨੂੰ ਵਾਪਸ ਲੈਣਾ ਪਿਆ ਹੈ। ਪਾਰਲੀਮੈਂਟ ਤੋਂ ਇਹ ਕਾਨੂੰਨ ਪਾਸ ਕਰਵਾਉਣ ਤੋਂ ਪਹਿਲਾਂ ਹੀ ਪੰਜਾਬ ਦੇ ਸੂਝਵਾਨ ਕਿਸਾਨ ਇਨ੍ਹਾਂ ਦੇ ਵਿਰੁੱਧ ਮੈਦਾਨ ਵਿੱਚ ਆ ਚੁੱਕੇ ਸਨ ਅਤੇ ਫਿਰ ਹਰਿਆਣੇ ਵਾਲੇ ਵੀ ਨਾ ਸਿਰਫ ਨਾਲ ਤੁਰੇ, ਸਗੋਂ ਦਿੱਲੀ ਦੇ ਰਾਹਾਂ ਵਿੱਚ ਲਾਏ ਗਏ ਸਰਕਾਰੀ ਅੜਿੱਕੇ ਤੋੜਨ ਵਿੱਚ ਪੰਜਾਬ ਵਾਲਿਆਂ ਨਾਲੋਂ ਵੀ ਅੱਗੇ ਹੋ ਤੁਰੇ ਸਨ। ਦੋਵਾਂ ਰਾਜਾਂ ਦੇ ਕਿਸਾਨਾਂ ਨੂੰ ਪਾੜਨ ਦੀਆਂ ਲੱਖ ਸਾਜ਼ਿਸ਼ਾਂ ਦੇ ਬਾਵਜੂਦ ਉਹ ਇੱਕੋ ਮਾਂ ਦੇ ਜਾਏ ਭਰਾਵਾਂ ਵਾਂਗ ਨਿਭਦੇ ਗਏ। ਹਰਿਆਣੇ ਦੀ ਭਾਜਪਾ ਨੇ ਕੇਂਦਰੀ ਹਾਕਮਾਂ ਦੇ ਕਹਿਣ ਉੱਤੇ ਜਦੋਂ ਪਾਣੀਆਂ ਦਾ ਰਾਗ ਛੇੜਨਾ ਚਾਹਿਆ ਤਾਂ ਉਸ ਰਾਜ ਦੇ ਕਿਸਾਨਾਂ ਨੇ ਅੱਗੋਂ ਇਹ ਆਖਿਆ ਸੀ ਕਿ ਖੇਤ ਬਚਣਗੇ ਤਾਂ ਪਾਣੀਆਂ ਦੀ ਗੱਲ ਸੋਚ ਲਵਾਂਗੇ, ਜੇ ਖੇਤ ਹੀ ਨਹੀਂ ਬਚਣੇ ਤਾਂ ਪਾਣੀ ਦੀ ਲੜਾਈ ਕਾਹਦੇ ਲਈ ਲੜਨੀ ਹੈ, ਇਹ ਮੁੱਦਾ ਇਸ ਵੇਲੇ ਸੋਚਣ ਵਾਲਾ ਹੈ ਹੀ ਨਹੀਂ। ਕੇਂਦਰੀ ਹਕੂਮਤ ਨੂੰ ਵਹਿਮ ਸੀ ਕਿ ਲਿਆਂਦਾ ਰਾਸ਼ਣ ਮੁੱਕ ਗਿਆ ਤਾਂ ਕਿਸਾਨ ਘਰੀਂ ਮੁੜ ਜਾਣਗੇ, ਪਰ ਉਹ ਰਾਸ਼ਣ ਮੁੱਕਾ ਨਹੀਂ, ਕਿਉਂਕਿ ਸਪਲਾਈ ਦਾ ਜ਼ਿੰਮਾ ਪਿੱਛੇ ਬੈਠੇ ਲੋਕਾਂ ਨੇ ਸੰਭਾਲ ਲਿਆ ਅਤੇ ਦਿੱਲੀ ਵਾਲੇ ਬਾਰਡਰਾਂ ਉੱਤੇ ਚੱਲਣ ਵਾਲੇ ਲੰਗਰਾਂ ਦੇ ਲਈ ਕਿਸੇ ਵੀ ਚੀਜ਼ ਦੀ ਕੋਈ ਤੋਟ ਕਦੀ ਨਹੀਂ ਸੀ ਆਉਣ ਦਿੱਤੀ। ਮੋਰਚਾ ਪੱਕੇ ਪੈਰੀਂ ਚੱਲਦਾ ਰਿਹਾ।

ਪ੍ਰਧਾਨ ਮੰਤਰੀ ਅੱਜ ਆਪਣੀ ਨੇਕ-ਨੀਤੀ ਵਿਖਾਉਣਾ ਚਾਹੁੰਦਾ ਹੈ, ਪਰ ਉਸ ਵਕਤ ਉਹ ਨਹੀਂ ਸੀ ਬੋਲਿਆ, ਜਦੋਂ ਉਸ ਦੀ ਟੀਮ ਦੇ ਮੈਂਬਰਾਂ ਨੇ ਕਿਸਾਨਾਂ ਨੂੰ ਅੱਤਵਾਦੀ, ਨਕਸਲੀ ਤੇ ਖਾਲਿਸਤਾਨੀ ਕਹਿਣ ਮਗਰੋਂ ਪਾਕਿਸਤਾਨੀ ਏਜੰਟ ਤੱਕ ਕਿਹਾ ਸੀ। ਦਿੱਲੀ ਬਾਰਡਰ ਵਾਲੇ ਮੋਰਚੇ ਉੱਤੇ ਬੈਠੇ ਹੋਏ ਇੱਕ ਕਿਸਾਨ ਨੂੰ ਖਬਰ ਮਿਲੀ ਕਿ ਭਾਰਤੀ ਫੌਜ ਵਿੱਚ ਭਰਤੀ ਹੋਇਆ ਉਸ ਦਾ ਪੁੱਤਰ ਦੇਸ਼ ਦੀ ਰਾਖੀ ਦਾ ਫਰਜ਼ ਨਿਭਾਉਂਦਾ ਸ਼ਹੀਦ ਹੋ ਗਿਆ ਹੈ ਤੇ ਫੌਜ ਦੇ ਅਫਸਰ ਲਾਸ਼ ਲਿਆ ਰਹੇ ਹਨ। ਪੁੱਤਰ ਦੇ ਅੰਤਮ ਸੰਸਕਾਰ ਲਈ ਪਿੰਡ ਜਾਣ ਲੱਗੇ ਨੂੰ ਪੱਤਰਕਾਰਾਂ ਨੇ ਉਸ ਦੇ ਵਿਚਾਰ ਪੁੱਛੇ ਤਾਂ ਉਸ ਨੇ ਕਿਹਾ ਸੀ, 'ਪੁੱਤਰ ਦੇਸ਼ ਲਈ ਸ਼ਹੀਦ ਹੋ ਗਿਆ, ਮੈਨੂੰ ਉਸ ਉੱਤੇ ਮਾਣ ਹੈ, ਪਰ ਮੈਂ ਉਸ ਦੇ ਅੰਤਮ ਸੰਸਕਾਰ ਪਿੱਛੋਂ ਰੁਕਾਂਗਾ ਨਹੀਂ, ਹੱਕਾਂ ਦੀ ਰਾਖੀ ਦੇ ਮੋਰਚੇ ਉੱਤੇ ਵਾਪਸ ਆ ਜਾਵਾਂਗਾ। ਤੁਸੀਂ ਪ੍ਰਧਾਨ ਮੰਤਰੀ ਨੂੰ ਕਹਿ ਦਿਓ, ਦੇਸ਼ ਲਈ ਸ਼ਹੀਦੀ ਕਿਸਾਨ ਦੇ ਪੁੱਤਰ ਨੇ ਪਾਈ ਹੈ, ਤੇਰੇ ਕਿਸੇ ਮੰਤਰੀ ਦੇ ਪੁੱਤਰ ਨੇ ਨਹੀਂ, ਤੇਰੇ ਮੰਤਰੀ ਸਾਡੀਆਂ ਮੰਗਾਂ ਮੰਨਣ ਭਾਵੇਂ ਨਾ ਮੰਨਣ, ਦੇਸ਼ ਲਈ ਪੁੱਤਰਾਂ ਨੂੰ ਵਾਰਨ ਵਾਲੇ ਕਿਸਾਨਾਂ ਨੂੰ ਪਾਕਿਸਤਾਨ ਦੇ ਏਜੰਟ ਨਾ ਕਹਿਣ।' ਉਸ ਕਿਸਾਨ ਦੇ ਏਦਾਂ ਦੇ ਸ਼ਬਦ ਦੇਸ਼ ਦੇ ਪ੍ਰਧਾਨ ਮੰਤਰੀ ਤੱਕ ਨਾ ਪਹੁੰਚੇ ਹੋਣਗੇ, ਮੈਂ ਨਹੀਂ ਮੰਨ ਸਕਦਾ, ਪਰ ਉਸ ਨੇ ਊਲ-ਜਲੂਲ ਬੋਲਣ ਵਾਲੀ ਆਪਣੀ ਧਾੜ ਨੂੰ ਰੋਕਿਆ ਨਹੀਂ ਸੀ, ਉਹ ਫਿਰ ਵੀ ਕਿਸਾਨਾਂ ਦੇ ਖਿਲਾਫ ਹਰ ਭੱਦੀ ਤੋਂ ਭੱਦੀ ਗੱਲ ਕਹੀ ਗਏ ਸਨ ਅਤੇ ਅੱਜ ਜਦੋਂ ਪ੍ਰਧਾਨ ਮੰਤਰੀ ਨੇ ਕਦਮ ਪਿੱਛੇ ਖਿੱਚਿਆ ਹੈ ਤਾਂ ਕਿਸਾਨਾਂ ਦਾ ਹੱਠ ਭੁਲਾ ਕੇ ਪ੍ਰਧਾਨ ਮੰਤਰੀ ਦੇ ਸੋਹਲੇ ਗਾ ਰਹੇ ਹਨ।

ਅਸੀਂ ਫਿਰ ਕਹਿੰਦੇ ਹਾਂ ਕਿ 'ਦੇਰ ਆਇਦ, ਦਰੁਸਤ ਆਇਦ' ਹੀ ਸਹੀ, ਪ੍ਰਧਾਨ ਮੰਤਰੀ ਨੇ ਆਪਣਾ ਕਦਮ ਪਿੱਛੇ ਖਿੱਚ ਕੇ ਠੀਕ ਕੀਤਾ ਹੈ, ਪਰ ਉਹ ਇਹ ਗੱਲ ਜ਼ਰੂਰ ਸੋਚਣ ਕਿ ਉਨ੍ਹਾਂ ਦੇ ਇਸ ਗਲਤ ਕਦਮ ਨਾਲ ਭਾਰਤ ਅਤੇ ਭਾਰਤੀ ਲੋਕਾਂ ਦਾ ਨੁਕਸਾਨ ਕਿੰਨਾ ਹੋਇਆ ਹੈ? ਇੱਕ ਛੋਟੇ ਤੋਂ ਛੋਟਾ ਟਰੈਕਟਰ ਦਿੱਲੀ ਤੱਕ ਗੇੜਾ ਲਾਵੇ ਤਾਂ ਦਸ ਹਜ਼ਾਰ ਰੁਪਏ ਦਾ ਖਰਚ ਹੋਣਾ ਮਾਮੂਲੀ ਗੱਲ ਹੈ, ਵੱਡਾ ਟਰੈਕਟਰ ਵੀਹ ਹਜ਼ਾਰ ਵੀ ਚੱਬ ਜਾਂਦਾ ਹੈ ਤੇ ਉਸ ਦੇ ਟਾਇਰਾਂ ਦੀ ਘਸਾਈ ਇਸ ਤੋਂ ਵੱਖਰਾ ਨੁਕਸਾਨ ਗਿਣੀ ਜਾਵੇਗੀ। ਲੱਖਾਂ ਟਰੈਕਟਰ ਜਦੋਂ ਓਥੇ ਗਏ ਅਤੇ ਵਾਪਸ ਆਏ ਸਨ, ਇਕੱਲੇ ਕਿਸਾਨਾਂ ਦਾ ਨਹੀਂ, ਸਮੁੱਚੇ ਦੇਸ਼ ਦੀ ਆਰਥਿਕਤਾ ਦਾ ਜਿਹੜਾ ਲੱਖਾਂ ਕਰੋੜ ਰੁਪਏ ਦਾ ਨੁਕਸਾਨ ਹੋਇਆ, ਉਹ ਪ੍ਰਧਾਨ ਮੰਤਰੀ ਦੇ ਇਸੇ ਗਲਤ ਕਦਮ ਦਾ ਸਿੱਟਾ ਸੀ। ਇਸ ਸੰਘਰਸ਼ ਦੌਰਾਨ ਛੇ ਸੌ ਤੋਂ ਵੱਧ ਕਿਸਾਨ ਮਾਰੇ ਗਏ ਅਤੇ ਚਾਰ ਜਣੇ ਲਖੀਮਪੁਰ ਵਿੱਚ ਮਰੇ ਕਹਿਣਾ ਠੀਕ ਨਹੀਂ, ਮਾਰ ਦਿੱਤੇ ਗਏ ਸਨ, ਇਨ੍ਹਾਂ ਸਾਰੀਆਂ ਜਾਨਾਂ ਦਾ ਖੌਅ ਭਾਰਤ ਦੇ ਪ੍ਰਧਾਨ ਮੰਤਰੀ ਦਾ ਗਲਤ ਕਦਮ ਹੀ ਬਣਿਆ ਸੀ। ਉਨ੍ਹਾਂ ਸਾਰਿਆਂ ਦੇ ਵਾਰਸਾਂ ਨੂੰ ਉਨ੍ਹਾਂ ਦੇ ਘਰਾਂ ਦੇ ਪਿਆਰੇ ਜੀਅ ਵਾਪਸ ਕੌਣ ਲਿਆ ਦੇਵੇਗਾ?

ਭਾਜਪਾ ਅਤੇ ਆਰ ਐੱਸ ਐੱਸ ਦੇ ਵਰਕਰਾਂ ਨੂੰ ਅਸੀਂ 'ਹਰ ਹਰ ਮੋਦੀ, ਘਰ ਘਰ ਮੋਦੀ' ਕਹਿੰਦੇ ਵੀ ਸੁਣਿਆ ਹੈ, 'ਨਮੋ-ਨਮੋ' ਦਾ ਜਾਪ ਕਰਦੇ ਵੀ ਸੁਣਿਆ ਤੇ ਇਹ ਕਹਿੰਦੇ ਵੀ ਸੁਣਿਆ ਹੈ ਕਿ 'ਦੇਸ਼ ਕਾ ਨੇਤਾ ਕੈਸਾ ਹੋ, ਨਰਿੰਦਰ ਮੋਦੀ ਜੈਸਾ ਹੋ'। ਕਿਸਾਨਾਂ ਦੇ ਸੰਘਰਸ਼ ਮੌਕੇ ਕਈ ਥਾਂਵਾਂ ਉੱਤੇ ਉਨ੍ਹਾਂ ਵਿੱਚੋਂ ਕੁਝ ਨੂੰ ਹੁੰਦੀ 'ਗਿੱਦੜ-ਕੁੱਟ' ਦੀਆਂ ਕਈ ਫੋਟੋ ਵੀ ਸਾਨੂੰ ਵੇਖਣੀਆਂ ਪਈਆਂ ਤਾਂ ਸਮਾਜੀ ਸੱਭਿਆਚਾਰ ਦੇ ਪੱਖ ਤੋਂ ਸਾਨੂੰ ਚੰਗੀਆਂ ਨਹੀਂ ਸੀ ਲੱਗੀਆਂ, ਪਰ ਪ੍ਰਧਾਨ ਮੰਤਰੀ ਨੂੰ ਉਹ ਫੋਟੋ ਵੇਖਣਾ ਕਿੱਦਾਂ ਦਾ ਲੱਗਾ ਹੋਵੇਗਾ, ਸਾਨੂੰ ਇਸ ਦਾ ਪਤਾ ਨਹੀਂ। ਹੁਸ਼ਿਆਰਪੁਰ ਵਿੱਚ ਭਾਜਪਾ ਲੀਡਰ ਦੀ ਕੋਠੀ ਦੇ ਵਿਹੜੇ ਵਿੱਚ ਗੋਹੇ ਦੀ ਟਰਾਲੀ ਲਾਹੀ ਜਾਣਾ ਸਾਨੂੰ ਚੰਗਾ ਨਹੀਂ ਸੀ ਲੱਗਾ ਅਤੇ ਅਸੀਂ ਇਸ ਦੀ ਨਿੰਦਾ ਕਰਨ ਤੋਂ ਨਹੀਂ ਸਾਂ ਝਿਜਕੇ। ਪੰਜਾਬ ਦੀ ਭਾਜਪਾ ਦੇ ਇੱਕ ਵਿਧਾਇਕ ਨੂੰ ਮਾਲਵੇ ਦੇ ਇੱਕ ਕਸਬੇ ਵਿੱਚ ਕਿਸਾਨਾਂ ਨੇ ਘੇਰ ਕੇ ਉਸ ਨਾਲ ਜਿਹੋ ਜਿਹਾ ਵਿਹਾਰ ਕੀਤਾ, ਸਾਨੂੰ ਉਹ ਵੀ ਚੰਗਾ ਨਹੀਂ ਲੱਗਾ ਤੇ ਅਸੀਂ ਇਸ ਦੀ ਨਿਖੇਧੀ ਕਿਸੇ ਵੀ ਹੋਰ ਤੋਂ ਪਹਿਲਾਂ ਕੀਤੀ ਸੀ। ਅਸੀਂ ਇਨ੍ਹਾਂ ਸਭ ਗੱਲਾਂ ਨੂੰ ਗਲਤ ਮੰਨਿਆ ਤੇ ਕੁਝ ਲੋਕਾਂ ਦੀ ਨਾਰਾਜ਼ਗੀ ਸਹੇੜ ਕੇ ਵੀ ਹੋਰਨਾਂ ਤੋਂ ਪਹਿਲਾਂ ਇਨ੍ਹਾਂ ਹਰਕਤਾਂ ਦੀ ਨਿਖੇਧੀ ਕੀਤੀ ਸੀ, ਪਰ ਅਸੀਂ ਪ੍ਰਧਾਨ ਮੰਤਰੀ ਨੂੰ ਇਹ ਦੱਸਣਾ ਚਾਹੁੰਦੇ ਹਾਂ ਕਿ ਭਾਜਪਾ ਦੇ ਕੁਝ ਲੋਕਾਂ ਨੇ ਸਾਡੇ ਕੋਲ ਮੰਨਿਆ ਹੈ ਕਿ ਉਨ੍ਹਾਂ ਨਾਲ ਹੋਈ ਇਸ ਜੱਗੋਂ-ਤੇਰ੍ਹਵੀਂ ਦੇ ਹਾਲਾਤ ਖੁਦ ਉਨ੍ਹਾਂ ਦੇ ਆਗੂ ਦੀ ਜ਼ਿਦ ਨੇ ਬਣਾਏ ਸਨ। ਜਿਹੜੇ ਲੋਕ ਸਾਡੇ ਕੋਲ ਇਹ ਮੰਨਦੇ ਹਨ ਕਿ ਪ੍ਰਧਾਨ ਮੰਤਰੀ ਦੀ ਜ਼ਿਦ ਕਾਰਨ ਉਨ੍ਹਾਂ ਨਾਲ ਇਹ ਕੁਝ ਹੁੰਦਾ ਰਿਹਾ, ਉਹ ਜਦੋਂ ਆਪੋ ਵਿੱਚ ਬੈਠਦੇ ਹੋਣਗੇ, ਕਿਸੇ ਵਿਆਹ-ਸ਼ਾਦੀ ਜਾਂ ਹੋਰ ਮੌਕੇ ਆਪਣਿਆਂ ਵਿੱਚ ਜਾਣ ਦਾ ਸਬੱਬ ਬਣ ਜਾਂਦਾ ਹੋਵੇਗਾ, ਇਹ ਗੱਲਾਂ ਓਥੇ ਵੀ ਚੱਲਣਗੀਆਂ ਕਿ ਜਿਹੜੀ ਸਾਡੇ ਨਾਲ ਅੱਜ ਤੱਕ ਨਹੀਂ ਸੀ ਹੋਈ, ਸਾਡੇ ਨੇਤਾ ਨੇ ਕਰਾ ਦਿੱਤੀ ਹੈ ਅਤੇ ਸਾਡਾ ਜਲੂਸ ਕਢਵਾਉਣ ਪਿੱਛੋਂ ਕਦਮ ਵਾਪਸ ਲੈਂਦਾ ਫਿਰਦਾ ਹੈ। ਬਾਪ-ਦਾਦੇ ਦੇ ਵਕਤਾਂ ਤੋਂ ਪ੍ਰਧਾਨ ਮੰਤਰੀ ਦੀ ਪਾਰਟੀ, ਸਗੋਂ ਇਸ ਪਾਰਟੀ ਦੀ ਮਾਂ-ਪਾਰਟੀ ਜਨ-ਸੰਘ ਨਾਲ ਜੁੜੇ ਆਏ ਇਨ੍ਹਾ ਲੋਕਾਂ ਦੇ ਮੂੰਹ ਤੋਂ ਫਿਰ ਭਾਵੇਂ ਹਾਸੇ ਵਿੱਚ ਹੀ ਨਿਕਲੇ, ਇਹ ਨਾਅਰਾ ਤਾਂ ਨਿਕਲਦਾ ਹੋਵੇਗਾ: 'ਦੇਸ਼ ਕਾ ਨੇਤਾ ਕੈਸਾ ਹੋ....!' ਪ੍ਰਧਾਨ ਮੰਤਰੀ ਨੂੰ ਇਹ ਕਹਿਣਾ ਸੌਖਾ ਹੈ ਕਿ ਅਸੀਂ ਇਹ ਕਦਮ ਵਾਪਸ ਲੈ ਲਿਆ ਹੈ, ਪਰ ਜਿਹੜੀ ਨੁਕਸਾਨ ਕਿਸਾਨਾਂ ਦਾ, ਸਾਰੇ ਦੇਸ਼ ਦਾ ਤੇ ਪ੍ਰਧਾਨ ਮੰਤਰੀ ਦੀ ਪਾਰਟੀ ਦੇ ਆਪਣੇ ਇਨ੍ਹਾਂ ਲੋਕਾਂ ਦਾ ਹੋ ਗਿਆ ਹੈ, ਉਸ ਦੀ ਭਰਪਾਈ ਕੌਣ ਕਰੇਗਾ!

....ਤੇ ਗੱਲ ਪ੍ਰਧਾਨ ਮੰਤਰੀ ਜੀ ਏਥੇ ਨਹੀਂ ਮੁੱਕ ਜਾਣੀ। ਅੱਜ ਤੱਕ ਇਹ ਬੜਾ ਵਹਿਮ ਸੀ ਕਿ ਨਰਿੰਦਰ ਮੋਦੀ ਕਦੇ ਕਦਮ ਚੁੱਕ ਲਵੇ ਤਾਂ ਪੈਰ ਪਿੱਛੇ ਨਹੀਂ ਖਿੱਚਦਾ। ਜਦੋਂ ਉਸ ਨੂੰ ਇਸ ਵਾਰ ਕਦਮ ਪਿੱਛੇ ਖਿੱਚਣਾ ਪਿਆ ਹੈ, ਇਸ ਨਾਲ ਖੁਦ ਉਸ ਦਾ ਆਪਣਾ ਕੱਦ ਵੀ ਇਸ ਹੱਦ ਤੱਕ ਹੌਲਾ ਹੋ ਗਿਆ ਹੈ ਕਿ ਜਿਹੜੇ ਅੱਜ ਤੱਕ ਹਰ ਸੱਟ ਚੁੱਪ ਕਰ ਕੇ ਸਹਿੰਦੇ ਆਏ ਸਨ, ਉਹ ਲੋਕ ਵੀ ਕਹਿਣ ਲੱਗੇ ਹਨ ਕਿ ਇਸ ਪ੍ਰਧਾਨ ਮੰਤਰੀ ਨੂੰ ਝੁਕਾਇਆ ਜਾ ਸਕਦਾ ਹੈ। ਜੰਮੂ-ਕਸ਼ਮੀਰ ਵਾਲਿਆਂ ਨੇ ਧਾਰਾ ਤਿੰਨ ਸੌ ਸੱਤਰ ਤੋੜਨੀ ਜਰ ਲਈ ਸੀ, ਇਕੱਠਾ ਰਾਜ ਤੋੜਨਾ ਅਤੇ ਦੋ ਬਣਾ ਕੇ ਰਾਜ ਦਾ ਦਰਜਾ ਵੀ ਖਤਮ ਕਰਨਾ ਜਰ ਲਿਆ ਸੀ, ਕਿਉਂਕਿ ਇਸ ਪ੍ਰਧਾਨ ਮੰਤਰੀ ਨੂੰ 'ਦੂਸਰਾ ਸਰਦਾਰ ਪਟੇਲ' ਆਖਿਆ ਅਤੇ ਪ੍ਰਚਾਰਿਆ ਜਾਂਦਾ ਸੀ, ਪਰ ਕਿਸਾਨੀ ਨਾਲ ਮੱਥਾ ਲਾ ਕੇ ਇੱਕ ਸਾਲ ਗਰਕ ਕਰਨ ਦੇ ਨਤੀਜੇ ਨੇ ਉਹ ਪ੍ਰਭਾਵ ਵੀ ਨਹੀਂ ਛੱਡਿਆ। ਇਨ੍ਹਾਂ ਹਾਲਾਤ ਵਿੱਚ ਪ੍ਰਧਾਨ ਮੰਤਰੀ ਨੂੰ ਇਹੋ ਸਲਾਹ ਦਿੱਤੀ ਜਾ ਸਕਦੀ ਹੈ: 'ਆਗੇ ਸਮਝ ਚਲੋ ਨੰਦ ਲਾਲਾ, ਜੋ ਬੀਤੀ ਸੋ ਬੀਤੀ।'

# ਕਿਸਾਨਾਂ ਦੇ ਅਣਥੱਕ ਸੰਘਰਸ਼ ਦੀ ਜਿੱਤ



ਪ੍ਰੋ.ਗੁਰਵੀਰ ਸਿੰਘ ਸਰੌਦ, ਮਾਲੇਰਕੋਟਲਾ
9417971451

**ਕਿਸਾਨੀ ਸੰਘਰਸ਼ ਦਾ ਸਫ਼ਰ ਸ਼ੁਰੂਆਤ ਤੋਂ ਜਿੱਤ ਤੱਕ**

ਭਾਰਤੀ ਖੇਤੀ ਐਕਟ 2020 (ਕਿਸਾਨ ਉਤਪਾਦ ਵਪਾਰ ਤੇ ਵਣਜ, ਕਿਸਾਨ ਮੁੱਲ ਭਰੋਸਾ ਤੇ ਖੇਤੀ ਸੇਵਾਵਾਂ ਐਕਟ, ਸਮਝੌਤਾ ਜ਼ਰੂਰੀ ਵਸਤਾਂ)20 ਸਤੰਬਰ 2020 ਨੂੰ ਲੋਕ ਸਭਾ ਤੇ ਰਾਜ ਸਭਾ ਨੇ ਪ੍ਰਵਾਨਗੀ ਦੇ ਦਿੱਤੀ। ਜਿਸ ਨੂੰ 27 ਸਤੰਬਰ 2020 ਦੇਸ਼ ਦੇ ਰਾਸ਼ਟਰਪਤੀ ਨੇ ਵੀ ਆਪਣੀ ਸਹਿਮਤੀ ਜ਼ਾਹਿਰ ਕਰਦਿਆਂਲਾਗੂ ਕਰ ਦਿੱਤਾ। ਦੇਸ਼ ਦੇ ਪ੍ਰਧਾਨਮੰਤਰੀ ਨੇ 20 ਸਤੰਬਰ 2020 ਨੂੰ ਇਨ੍ਹਾਂ ਬਿਲਾਂ ਨੂੰ "ਵਾਟਰਸ਼ੈੱਲ ਪਲ" ਵਜੋਂ ਜ਼ਕਿਰ ਕੀਤਾ।29 ਨਵੰਬਰ 2020 ਨੂੰ ਪ੍ਰਧਾਨਮੰਤਰੀ ਨੇ "ਮਨ ਕੀ ਬਾਤ" ਰੇਡੀਓ ਸੰਬੋਧਨ ਵਿਚ ਕਿਹਾ 'ਕਿ ਸਾਰੀਆਂ ਸਿਆਸੀ ਪਾਰਟੀਆਂ ਕਿਸਾਨਾਂ ਨਾਲ ਵਾਅਦੇ ਕਰਦੀਆਂ ਰਹੀਆਂ ਸਨ, ਹੁਣ ਇਹ ਵਾਅਦੇ ਪੂਰੇ ਹੋਣਗੇ ਤੇ ਇਹ ਬਿਲ ਖੇਤੀ ਖੇਤਰ ਵਿੱਚ ਜ਼ਰੂਰ ਤਬਦੀਲੀ ਲਿਆਉਣਗੇ।'

ਪਰ ਇਨ੍ਹਾਂ ਬਿਲਾਂ ਦੇ ਲਾਗੂ ਹੋਣ ਸਾਰ ਇਨ੍ਹਾਂ ਬਿਲਾਂ ਦੀ ਆਲੋਚਨਾ ਹੋਣੀ ਸ਼ੁਰੂ ਹੋ ਚੁੱਕੀ ਸੀ। ਹਰੇਕ ਕੋਈ ਆਪਣਾ ਪੱਖ ਵੀ ਰੱਖ ਰਿਹਾਸੀ। ਬੇਸ਼ੱਕ ਸ਼ੁਰੂ ਵਿੱਚ ਦੇਸ਼ ਦੀਆਂ ਯੂਨੀਵਰਸਿਟੀਆਂ ਨੇ ਇਨ੍ਹਾਂ ਬਿਲਾਂ ਨੂੰ ਭਾਰਤੀ ਖੇਤੀਬਾੜੀ ਵਿੱਚ ਚੰਗਾ ਬਦਲਾਅ ਸਮਝਿਆ।ਜਿਨ੍ਹਾਂ ਵਿੱਚ ਪ੍ਰਮੁੱਖ ਤੌਰ ਤੇ ਡੀ. ਯੂ., ਏ.ਐੱਨ.ਯੂ., ਗੋਰਖਪੁਰ ਯੂਨੀਵਰਸਿਟੀ, ਰਾਜਸਥਾਨ ਯੂਨੀਵਰਸਿਟੀ , ਗੁਜਰਾਤ ਯੂਨੀਵਰਸਿਟੀ ਆਦਿ ਪ੍ਰਮੁੱਖ ਸਨ ।ਪਰ ਇਸ ਦੇ ਉਲਟ ਸਿੱਖਿਆ ਸ਼ਾਸਤਰੀਆਂ, ਕਈ ਵਿਦੇਸ਼ੀ ਯੂਨੀਵਰਸਿਟੀਆਂ ਤੋਂ ਇਲਾਵਾ ਜਵਾਹਰ ਲਾਲ ਨਹਿਰੂ ਯੂਨੀਵਰਸਿਟੀ , ਆਈ.ਆਈ.ਟੀ ਕਾਨ-ਪੁਰ, ਆਈ.ਆਈ.ਟੀ ਮਦਰਾਸ, ਆਈ.ਆਈ ਐੱਸ.ਸੀ ਯੂਨੀਵਰਸਿਟੀ, ਭਾਰਤੀ ਅੰਕੜਾ ਸੰਸਥਾਨ,ਦਿੱਲੀ ਯੂਨੀਵਰਸਿਟੀ, ਪੰਜਾਬ ਯੂਨੀਵਰਸਿਟੀ, ਆਈ.ਆਈ.ਟੀ ਬੰਬੇ ਆਦਿ ਨੇ ਕਾਨੂੰਨਾਂ ਵਿਰੁੱਧ ਆਪਣੇ ਵਿਚਾਰ ਪੇਸ਼ ਕੀਤੇ।

ਆਵਾਮ ਦੀ ਆਵਾਜ਼ ਨੂੰ ਸੁਣਦਿਆਂ ਕਈ ਰਾਜਾਂ ਦੀਆਂ ਸਰਕਾਰਾਂ ਨੇ ਇਨ੍ਹਾਂ ਖੇਤੀ ਕਾਨੂੰਨਾਂ ਨੂੰ ਆਪਣੇ ਵਿਧਾਨ ਸਭਾ ਵਿੱਚ ਖੇਤੀ ਕਾਨੂੰਨ ਵਿਰੁਧ ਸਾਂਝੇ ਮਤੇ ਪਾਸ ਕਰ ਦਿੱਤੇ ।ਜਿਨ੍ਹਾਂ ਵਿੱਚ ਸਿਰਫ਼ ਬੀਜੇਪੀ ਪਾਰਟੀ ਵੱਲੋਂ ਸਮਰਥਨ ਨਾ ਦਿੱਤਾ ਗਿਆ ।ਜਿਸ ਵਿੱਚ ਪੰਜਾਬ, ਛੱਤੀਸਗੜ੍ਹ, ਰਾਜਸਥਾਨ, ਕੇਰਲਾ, ਪੱਛਮੀ ਬੰਗਾਲ ਸੂਬੇ ਪ੍ਰਮੁੱਖ ਸਨ ਤੇ ਇਨ੍ਹਾਂ ਬਿਲਾਂ ਨੂੰ ਗੈਰ ਸੰਵਿਧਾਨਿਕ ਤੌਰ ਤੇ ਸੰਸਦੀ ਨਿਯਮਾਂ ਦੀ ਪੂਰੀ ਤਰ੍ਹਾਂ ਅਣਦੇਖੀ ਤੇ ਕਿਸਾਨ ਵਿਰੋਧੀ ਅਤੇ ਕਾਰਪੋਰੇਟ ਪੱਖੀ ਦੱਸਿਆ।ਕਿਸਾਨ ਜਥੇਬੰਦੀਆਂ ਨੇ ਸਰਕਾਰ ਤੋਂ ਇਹ ਬਿੱਲ ਖੇਤੀਬਾੜੀ ਸੰਸਦੀ ਕਮੇਟੀ ਕੋਲ ਭੇਜਣ ਦੀ ਮੰਗ ਕੀਤੀ ਤੇ ਸਰਕਾਰ ਵੱਲੋਂ ਬਿਲ ਪਾਸ ਕਰਵਾਉਣ ਦੀ ਜਲਦਬਾਜ਼ੀ ਤੇ ਸਵਾਲ ਉਠਾਏ।ਕਿਸਾਨ ਜਥੇਬੰਦੀਆਂ ਨੇ ਇਸ ਐਕਟ ਖ਼ਿਲਾਫ਼ ਇਕ ਤਿੱਖੇ ਅੰਦੋਲਨ ਦਾ ਐਲਾਨ ਕੀਤਾ ਤੇ 25 ਸਤੰਬਰ 2020 ਨੂੰ ਭਾਰਤ ਬੰਦ ਦਾ ਸੱਦਾ ਦਿੱਤਾ। ਸੱਦੇ ਨੂੰ 10 ਕੇਂਦਰੀ ਟਰੇਡ ਯੂਨੀਅਨਾਂ ਅਤੇ 18 ਸਿਆਸੀ ਪਾਰਟੀਆਂ ਨੇ ਸਮਰਥਨ ਕੀਤਾ। ਇਸ ਤੋਂ ਬਾਅਦ ਵਿੱਚ ਵੱਖ ਵੱਖ ਰਾਜਾਂ ਵਿੱਚ ਇਨ੍ਹਾਂ ਕਾਨੂੰਨਾਂ ਦਾ ਵਿਰੋਧ ਹੋਣਾ ਸ਼ੁਰੂ ਹੋ ਗਿਆ।ਸਭ ਤੋਂ ਜਿਆਦਾ ਇਨ੍ਹਾਂ ਬਿਲਾਂ ਦਾ ਵਿਰੋਧ ਪੰਜਾਬ ਤੇ ਹਰਿਆਣਾ ਵਿੱਚ ਸ਼ੁਰੂ ਹੋਇਆ, ਕਿਉਂਕਿ ਪੰਜਾਬ ਤੇ ਹਰਿਆਣਾ ਵਿੱਚ ਮੰਡੀ ਬੋਰਡ ਹਾਲੇ ਵੀ ਸਥਾਪਿਤ ਹੈ। ਮੁੱਖ ਤੌਰ ਤੇ ਝੋਨੇ ਤੇ ਕਣਕ ਦੀ ਖਰੀਦ ਸਰਕਾਰੀ ਮੁੱਲ ਤੇ ਕੀਤੀ ਜਾਂਦੀ ਹੈ ਤਾਂ ਕਿਸਾਨਾਂ ਨੂੰ ਆਪਣੀ ਮੰਡੀ ਬੋਰਡ ਟੁੱਟਣ ਦਾ ਖ਼ਤਰਾ ਸਤਾਉਣ ਲੱਗਾ। ਜੇਕਰ ਇਹ ਬਿੱਲ ਲਾਗੂ ਹੋ ਜਾਂਦੇ ਹਨ ਤਾਂ ਪੰਜਾਬ, ਹਰਿਆਣਾ ਵਿੱਚ ਵੀ ਯੂ .ਪੀ ਤੇ ਬਿਹਾਰ ਵਾਲਾ ਹਾਲ ਹੋ ਜਾਵੇਗਾ। ਫ਼ਸਲਾਂ ਦੇ ਮੁੱਲ ਵਪਾਰੀ ਆਪਣੀ ਮਰਜ਼ੀ ਨਾਲ ਤੈਅ ਕਰਨਗੇ ।ਜਿਸ ਸਦਕਾ ਸੰਘਰਸ਼ ਤੇਜ਼ੀ ਫੜ ਗਿਆ।

ਸ਼ੁਰੂਆਤੀ ਦੌਰ ਵਿੱਚ ਤਾਂ ਸੂਬੇ ਅੰਦਰ ਸੰਘਰਸ਼ ਸ਼ੁਰੂ ਹੋਇਆ।ਡੀ.ਸੀ ਦਫ਼ਤਰਾਂ ਅੱਗੇ ਧਰਨਾ, ਟੋਲਾ ਨੂੰ ਬੰਦ ਕਰਨਾ, ਕਾਰਪੋਰੇਟ ਘਰਾਣਿਆਂ ਦੇ ਵੱਡੇ ਮਾਲਾਂ ਨੂੰ ਬੰਦ ਕਰਵਾਉਣ ਤਕ ਜਾਰੀ ਰਿਹਾ ਪਰ ਇਸ ਨਾਲ ਕੇਂਦਰ ਤੇ ਕੋਈ ਜੂੰ ਨਾ ਸਰਕੀ।ਫੇਰ ਸੂਬਿਆਂ ਨੇ ਕੇਂਦਰ ਵੱਲ ਕੂਚ ਕਰਨ ਦਾ ਇਰਾਦਾ ਬਣਾ ਲਿਆ। ਜਿਸ ਦੇ ਫ਼ਲਸਰੂਪ ਕੇਂਦਰ ਸਰਕਾਰ ਵੱਲ ਸੂਬਿਆਂ ਤੋਂ ਆਉਂਦੇ ਕਿਸਾਨਾਂ ਤੇ ਕਿਸਾਨ ਜਥੇਬੰਦੀਆਂ ਨੂੰ ਰੋਕਣ ਦਾ ਜ਼ੋਰ ਅਜ਼ਮਾਈ ਸ਼ੁਰੂ ਕਰ ਦਿੱਤਾ। ਖ਼ਾਸਕਰ 20 ਨਵੰਬਰ 2020 ਨੂੰ ਹਰਿਆਣਾ ਪੁਲਿਸ ਨੇ ਹਰਿਆਣੇ ਦੇ ਕਿਸਾਨਾਂ ਨੂੰ ਦਿੱਲੀ ਵਿੱਚ ਦਾਖ਼ਲ ਤੋਂ ਰੋਕ ਲਗਾ ਦਿੱਤੀ। ਅੰਬਾਲਾ ਦੇ ਨੇੜੇ ਸਰਹੱਦ ਤੇ





ਪੁਲੀਸ ਵੱਲੋਂ ਬਲਾਂ ਦੁਆਰਾ ਪ੍ਰਦਰਸ਼ਨਕਾਰੀਆਂ ਤੇ ਪਾਣੀ ਦੀਆਂ ਤੋਪਾਂ ਤੇ ਅੱਥਰੂ ਗੈਸ ਦੇ ਗੋਲੇ ਛੱਡੇ ਗਏ।ਕਈ ਜਗ੍ਹਾ ਤੇ ਕਿਸਾਨਾਂ ਤੇ ਪੁਲੀਸ ਵਿੱਚ ਟਕਰਾਅ ਵੀ ਪੈਦਾ ਹੋਈ ।ਕੇਂਦਰ ਸਰਕਾਰ ਨੇ ਕਿਸਾਨਾਂ ਜਥੇਬੰਦੀਆਂ ਨੂੰ ਦਿੱਲੀ ਅੰਦਰ ਪ੍ਰਵੇਸ਼ ਕਰਨ ਤੋਂ ਰੋਕ ਲਗਾ ਦਿੱਤੀ । ਤਾਂ ਕਿਸਾਨ ਜਥੇਬੰਦੀਆਂ ਨੇ ਕਰਮਵਾਰ ਗਾਜੀਪੁਰ, ਕੁੰਡਲੀ, ਸ਼ੰਭੂ, ਤੇ ਟਿਕਰੀ ਬਾਰਡਰ ਤੇ ਬੈਠ ਕੇ ਆਪਣਾ ਸ਼ਾਂਤਮਈ ਸੰਘਰਸ਼ ਸ਼ੁਰੂ ਕਰ ਦਿੱਤਾ, ਜੋ ਅੱਜ ਤਕ ਜਾਰੀ ਹੈ। ਕੇਂਦਰ ਸਰਕਾਰ ਨੇ ਕਈ ਤਰ੍ਹਾਂ ਦੀਆਂ ਰੁਕਾਵਟਾਂ ਪੈਦਾ ਕੀਤੀਆਂ, ਪਹਿਲਾਂ ਪਹਿਲ ਉੱਥੇ ਮੋਬ-ਾਇਲ ਨੈੱਟਵਰਕ ਬੰਦ ਕਰ ਦਿੱਤੇ ਗਏ, ਬਿਜਲੀ ਪਾਣੀ ਤੇ ਕੁਝ ਸਮੇਂ ਲਈ ਰੋਕ ਲਗਾਈ ਗਈ ਪਰ ਸਿਰੜੀ ਲੋਕ ਹਾਰੇ ਨਾ ਸਰਕਾਰ ਤੇ ਵਧੀਕੀਆਂ ਅੱਗੇ ਡਟੇ ਰਹੇ ।

ਕਿਸਾਨ ਜਥੇਬੰਦੀਆਂ ਕਿਸਾਨ ਏਕਤਾ ਇਕਾਈ ਵੱਲੋਂ ਸਾਂਝਾ ਫ਼ੈਸਲਾ ਹੋਇਆ ਕਿ 26 ਜਨਵਰੀ ਨੂੰ ਇਹ 4 ਸਰਹੱਦਾਂ ਤੋਂ ਲਾਲ ਕਿਲ੍ਹੇ ਵੱਲ ਨੂੰ ਕਿਸਾਨੀ ਪਰੇਡ ਸ਼ੁਰੂ ਕਰਨਗੀਆਂ ।ਕਿਸਾਨੀ ਪਰੇਡ ਬੜੀ ਸ਼ਾਂਤਮਈ ਸ਼ੁਰੂ ਹੋਈ ਪਰ ਕੁਝ ਗਲਤ ਅਨਸਰਾਂ ਵੱਲੋਂ ਇਸ ਸੰਘਰਸ਼ ਨੂੰ ਧਰਮ ਨਾਲ ਜੋੜ ਕੇ ਇਸ ਸੰਘਰਸ਼ ਨੂੰ ਆਪਣੇ ਰਸਤੇ ਤੋਂ ਭਟਕਾਉਣ ਦੀ ਕੋਸ਼ਿਸ਼ ਕੀਤੀ ਗਈ। ਖ਼ਾਸਕਰ ਸਿੱਖ ਚਿਹਰੇ ਨੂੰ ਦੇਸ਼ ਵਿਰੋਧੀ ਪੇਸ਼ ਕਰਨ ਦੀ ਕੋਸ੍ਹਿ ਕੀਤੀ ਗਈ ਜੋ ਨਾਕਾਮ ਰਹੀ । ਇਸ ਸਭ ਦੇ ਚੱਲਦਿਆਂ ਕਈ ਵਾਰ ਕੇਂਦਰ ਨਾਲ ਕਿਸਾਨ ਏਕਤਾ ਇਕਾਈ ਦੀ ਮੀਟਿੰਗ ਵੀ ਹੋਈ ਪਰ ਸਭ ਸਫ਼ਲ ਨਾ ਰਹੀਆਂ। ਸੰਘਰਸ਼ ਨੂੰ ਕਈ ਤਰ੍ਹਾਂ ਤੋੜ ਮਰੋੜ ਕੇ ਪੇਸ਼ ਕੀਤਾ ਗਿਆ। ਪਰ ਹੁਣ ਕਿਸਾਨ ਜਥੇਬੰਦੀਆਂ ਨੂੰ ਸਮਝ ਆ ਚੁੱਕੀ ਸੀ ।ਸਰਕਾਰ ਦੀਆਂ ਚਾਲਾਂ ਨੂੰ ਉਨ੍ਹਾਂ ਨੇ ਬੜੀ ਸਹਿਜਤਾ ਨਾਲ ਸਮਝਿਆ।ਸੰਘਰਸ਼ ਨੂੰ ਜਿੱਤ ਵੱਲ ਮੋੜ ਰੱਖਿਆ।

ਹੁਣ ਪੂਰੀ ਦੁਨੀਆਂ ਦੀਆਂ ਨਜ਼ਰਾਂ ਇਸ ਸੰਘਰਸ਼ ਵੱਲ ਸਨ।ਜੇਕਰ ਇਹ ਸੰਘਰਸ਼ ਕਿਧਰੇ ਅਸਫ਼ਲ ਵੱਲ ਨੂੰ ਹੋ ਜਾਂਦਾ ਤਾਂ ਕਦੇ ਵੀ ਕਿਸੇ ਨਵੇਂਬਦਲਾਅ ਦੀ ਕਲਪਨਾ ਕਰਨੀ ਮੁਸ਼ਕਿਲ ਹੋ ਜਾਣੀ ਸੀ।ਭਾਰਤ ਦੇ ਪ੍ਰਧਾਨ ਮੰਤਰੀ ਵੱਲੋਂ ਮੁਆਫ਼ੀ ਮੰਗ ਖੇਤੀ ਕਾਨੂੰਨਾਂ ਨੂੰ ਵਾਪਸ ਲੈਣ ਦਾ ਫ਼ੈਸਲਾ ਸੁਣਾ ਦਿੱਤਾ ਗਿਆ ਹੈ। ਇਸ ਸਫ਼ਲਤਾ ਵਿੱਚ ਸਿਰਫ਼ ਕਿਸਾਨ ਜਾਂ ਕਿਸਾਨ ਜਥੇਬੰਦੀਆਂ ਦੀ ਹੀ ਸਫ਼ਲਤਾ ਨਹੀਂ ਬਲਕਿ ਪੂਰੇ ਸੋਚਵਾਨ ਭਾਰਤੀਆਂ ਦੀ ਜਿੱਤ ਹੈ ।ਜੋ ਇਨ੍ਹਾਂ ਕਾਨੂੰਨਾਂ ਨੂੰ ਭਾਰਤੀ ਖੇਤੀ ਲਈ ਸ਼ਰਾਪ ਸਮਝਦੇ ਸਨ। ਇਸ ਸੰਘਰਸ਼ ਦੀ ਪ੍ਰਾਪਤੀ ਅਨੇਕਾਂ ਸ਼ਹੀਦਾਂ ਦੀਆਂ ਜਾਨਾਂ ਵਾਰਨ ਸਦਕਾ ਪ੍ਰਾਪਤ ਹੋਈ ਹੈ, ਸੂਝਵਾਨ ਕਿਸਾਨੀ ਨੇਤਾਵਾਂ ਸਦਕਾ ਪ੍ਰਾਪਤ ਹੋਈ ਹੈ।ਇਹ ਜਿੱਤ ਵਿਦੇਸ਼ਾਂ ਵਿੱਚ ਬੈਠੇ ਮਿਹਨਤਕਸ਼ ਲੋਕਾਂ ਸਦਕਾ ਪ੍ਰਾਪਤ ਹੋਈ ਹੈ, ਜਿੰਨਾ ਆਪਣਿਆਂ ਦੇ ਲਈ ਆਰਥਿਕ ਤੌਰ ਤੇ ਕੋਈ ਥੁੜ ਆਉਣ ਨਹੀਂ ਦਿੱਤੀ। ਇਹ ਜਿੱਤ ਮੰਦਰ, ਮਸਜਿਦਾਂ, ਗੁਰਦੁਆਰਿਆਂ ਵਿੱਚ ਕੀਤੀਆਂ ਅਰਦਾਸਾਂ ਸਦਕਾ ਮਿਲੀ ਹੈ। ਇਹ ਜਿੱਤ ਪੂਰੀ ਆਵਾਮ ਦੀ ਜਿੱਤ ਹੈ । ਕਲਪਨਾ ਕਰਦੇ ਹਾਂ, ਕਿ ਅੱਜ ਤੋਂ ਭਾਰਤ ਵਿੱਚ ਇੱਕ ਨਵੇਂ ਯੁੱਗ ਦੀ ਸ਼ੁਰੂਆਤ ਹੋਵੇਗੀ। ਜੈ ਜਵਾਨ॥ ਜੈ ਕਿਸਾਨ॥

# ਖ਼ਤਮ ਹੋਈ ਧੇਲੀਆਂ - ਚੁਆਨੀਆਂ ਦੀ ਟੁਣਕਾਰ




ਬਦਲਾਅ ਕੁਦਰਤ ਦਾ ਅਟੱਲ ਨਿਯਮ ਹੈ। ਸਮੇਂ ਦੇ ਨਾਲ - ਨਾਲ ਸੰਸਾਰ ਵਿੱਚ ਖਾਣ - ਪੀਣ ਵਿੱਚ ਅਤੇ ਰਹਿਣ - ਸਹਿਣ ਵਿੱਚ ਬਦਲਾਅ ਆਉਂਦੇ ਰਹਿੰਦੇ ਹਨ। ਇਸੇ ਤਰ੍ਹਾਂ ਸਮੇਂ - ਸਮੇਂ 'ਤੇ ਰਾਜਿਆਂ - ਮਹਾਰਾਜਿਆਂ ਅਤੇ ਸਮੇਂ ਦੀਆਂ ਸਰਕਾਰਾਂ ਵੱਲੋਂ ਵੀ ਕਰੰਸੀ ਵਿੱਚ ਬਦਲਾਅ ਕੀਤੇ ਜਾਂਦੇ ਰਹੇ। ਜਦਕਿ ਕੁਝ ਕਰੰਸੀ ਖ਼ੁਦ - ਬਖ਼ੁਦ ਹੀ ਆਪਣੀ ਅਹਿਮੀਅਤ ਘੱਟ ਹੋ ਜਾਣ ਜਾਂ ਖ਼ਤਮ ਹੋ ਜਾਣ ਕਰਕੇ ਜਾਂ ਵਰਤੋਂ ਵਿੱਚ ਨਾ ਲਿਆਂਦੀ ਜਾਣ ਕਰਕੇ ਸਮੇਂ ਦੀ ਰਫ਼ਤਾਰ ਵਿੱਚ ਪਿੱਛੇ ਰਹਿ ਗਈ। ਹੌਲੀ - ਹੌਲੀ ਉਸ ਦੀ ਅਹਿਮੀਅਤ ਘਟਣ ਮਗਰੋਂ ਉਹ ਆਮ ਚਲਨ ਤੋਂ ਬਾਹਰ ਹੋ ਕੇ ਇੱਕ ਬੁਝਾਰਤ ਬਣ ਕੇ ਰਹਿ ਗਈ। 1990 ਦੇ ਆਸਪਾਸ ਤੱਕ ਇੱਕੀ ( ਇੱਕ ਪੈਸਾ ) , ਦੁੱਕੀ ( ਦੋ ਪੈਸੇ ), ਪੰਜੀ ( ਪੰਜ ਪੈਸੇ ) ਦਸੀ (ਦਸ ਪੈਸੇ ) , ਵੀਹ ਪੈਸੇ , ਪੰਜਾਹ ਪੈਸੇ , ਪੰਝੀ ਪੈਸੇ ( ਚੁਆਨੀ ) ਆਦਿ ਭਾਨ ਆਮ ਦੁਕਾਨਾਂ , ਲੈਣ - ਦੇਣ , ਬੱਸਾਂ ਆਦਿ ਲਈ ਪੂਰੀ ਵਰਤੋਂ ਹੁੰਦੀ ਸੀ ਅਤੇ ਇਸ ਭਾਨ ਦੀ ਰੋਜ਼ਾਨਾ ਜ਼ਿੰਦਗੀ ਦੇ ਰੋਜ਼ਾਨਾ ਕੰਮਾਂ ਵਿੱਚ ਪੂਰੀ ਸਰਦਾਰੀ ਸੀ। ਉਦੋਂ ਬੱਚਿਆਂ ਦੀਆਂ ਬੁਘਲੀਆਂ , ਗੱਲਿਆਂ , ਲਾਲਿਆਂ ਦੀਆਂ ਦੁਕਾਨਾਂ ਦੇ ਗੱਲਿਆਂ , ਕੰਡਕ-ਟਰ ਦੇ ਥੈਲਿਆਂ , ਧਾਰਮਿਕ ਸਥਾਨਾਂ ਦੀਆਂ ਗੋਲਕਾਂ , ਡੋਲੀ ਤੁਰਨ ਸਮੇਂ , ਮੰਗਤੇ ਨੂੰ ਦੇਣ ਸਮੇਂ , ਬੱਚਿਆਂ ਨੂੰ ਖਰਚਣ ਲਈ ਦੇਣ ਆਦਿ ਸਮੇਂ ਇਨ੍ਹਾਂ ਪੈਸਿਆਂ ਦੀ ਵਰਤੋਂ ਪੂਰੇ ਜੋਬਨ ਉੱਤੇ ਸੀ। ਮਾਤਾ - ਪਿਤਾ ਬੱਚਿਆਂ ਨੂੰ ਬੰਟੇ ( ਕੱਚੇ ) , ਗੇਂਦਾਂ ਅਤੇ ਹੋਰ ਚੀਜ਼ਾਂ ਲੈਣ ਲਈ ਇਨ੍ਹਾਂ ਪੈਸੇ ਨੂੰ ਬੜੇ ਮਾਣ ਨਾਲ ਦਿੰਦੇ ਹੁੰਦੇ ਸਨ ਅਤੇ ਬੱਚੇ ਵੀ ਚਾਈਂ - ਚਾਈਂ ਇਸ ਦੀ ਵਰਤੋਂ ਕਰਦੇ ਹੁੰਦੇ ਸਨ। ਉਸ ਸਮੇਂ ਇਸ ਭਾਨ ਦੀ ਅਹਿਮੀਅਤ ਕਾਫੀ ਹੁੰਦੀ ਸੀ। ਇੱਕ ਪੈਸੇ ਦੇ ਦਸ ਬੰਟੇ ( ਕੰਚੇ) , ਦਸ ਪੈਸੇ ਦੀਆਂ ਕਈ ਸਲੇਟੀਆਂ , ਚੁਆਨੀ ਦੀ ਗੇਂਦ , ਪੰਜਾਹ ਪੈਸੇ ਦੀ ਸਲੇਟ , ਚੁਆਨੀ ਦਾ ਪੈਨ ਦਾ ਸਿੱਕਾ , ਪੰਜਾਹ ਪੈਸੇ ਦਾ ਵਰਣਮਾਲਾ ਦਾ ਕਾਇਦਾ ਆਦਿ ਆਮ ਹੀ ਬਾਜ਼ਾਰ ਤੋਂ ਜਾਂ ਦੁਕਾਨ ਤੋਂ ਮਿਲ ਜਾਇਆ ਕਰਦੇ ਹੁੰਦੇ ਸਨ। ਪੰਜਾਹ ਪੈਸੇ ਦੀ ਕਾਪੀ , ਚੁਆਨੀ ਦੀ ਸਿਆਹੀ ਅਤੇ ਦਵਾਤ , ਪੰਜ ਪੈਸੇ ਦੀ ਐਨਾਸਿਨ ਦੀ ਗੋਲੀ ਆਦਿ ਆਮ ਹੀ ਦੁਕਾਨ ਤੋਂ ਖ਼ਰੀਦ ਲੈਂਦੇ ਹੁੰਦੇ ਸੀ। ਬਣੀ - ਬਣਾਈ ਤਿਆਰ ਸਿਆਹੀ ਦੀ ਕੱਚ ਦੀ ਸ਼ੀਸ਼ੀ ਅਕਸਰ ਦਸ - ਬਾਰਾਂ ਆਨਿਆਂ ( ਪੰਝੀ ਪੈਸੇ ਦੇ ਚਾਰ ਆਨੇ) ਵਿੱਚ ਮਿਲ ਜਾਂਦੀ ਹੁੰਦੀ ਸੀ। ਮੰਗਤੇ ਪੰਜੀ ( ਪੰਜ ਪੈਸੇ) ਜਾਂ ਦੱਸੀ ( ਦਸ ਪੈਸੇ ) ਲੈ ਕੇ ਹੀ ਫੁੱਲੇ ਨਹੀਂ ਸਨ ਸਮਾਉਂਦੇ , ਪਰ ਹੁਣ ਘਰਾਂ , ਬਾਜ਼ਾਰਾਂ , ਬੈਂਕਾਂ ਆਦਿ ਵਿੱਚੋਂ ਇਹ ਭਾਨ ਲਗਭਗ ਖ਼ਤਮ ਹੋ ਗਈ ਹੈ ਅਤੇ ਇਸ ਦੇ ਦਰਸ਼ਨ ਵੀ ਦੁਰਲੱਭ ਹੋ ਗਏ ਹਨ। ਹੁਣ ਅਜਿਹੀ ਪੁਰਾਣੀ ਮੁਦਰਾ / ਕਰੰਸੀ ਕਿਸੇ ਪੁਰਾਣੇ ਸਿੱਕੇ ਇਕੱਠੇ ਕਰਨ ਦੇ ਸ਼ੌਕੀਨ ਕੋਲ ਹੀ ਵੇਖਣ ਨੂੰ ਮਿਲ ਸਕਦੀ ਹੈ। ਅੱਜਕੱਲ੍ਹ ਮਹਿੰਗਾਈ ਦੇ ਸਮੇਂ ਵਿੱਚ ਪੈਸਿਆਂ ਦੀ ਥਾਂ ਰੁਪਈਆਂ ਨੇ ਭਾਨ ਦਾ ਰੂਪ ਧਾਰਨ ਕਰ ਲਿਆ ਹੈ ਅਤੇ ਇੱਕ ਰੁਪਏ ਤੇ ਪੰਜ ਰੁਪਏ ਦੇ ਨੋਟ ਵੀ ਕਦੇ - ਕਦਾਈਂ ਹੀ ਵੇਖਣ ਨੂੰ ਮਿਲਦੇ ਹਨ।ਅੱਜ ਦਸ ਰੁਪਏ ਦੇ ਨੋਟ ਤੋਂ ਲੈ ਕੇ ਦੋ ਹਜ਼ਾਰ ਰੁਪਏ ਤੱਕ ਦੇ ਵੱਡੇ ਨੋਟ ਹੋਂਦ ਵਿੱਚ ਆ ਗਏ ਹਨ। ਭਾਨ ਦੇ ਬਦਲਦੇ ਰੂਪ ਵਿੱਚ ਹੁਣ ਇੱਕ ਰੁਪਏ , ਦੋ ਰੁਪਏ , ਪੰਜ ਰੁਪਏ , ਦਸ ਰੁਪਏ ਆਦਿ ਦਾ ਚਲਨ ਹੋ ਗਿਆ ਹੈ। ਸਿੱਟੇ ਵਜੋਂ ਬਾਜ਼ਾਰੂ ਚੀਜ਼ਾਂ ਦੀਆਂ ਕੀਮਤਾਂ ਵੀ ਪੌਣੇ - ਅੱਧਿਆਂ ਦੀ ਥਾਂ ਹੁਣ ਲਗਭਗ ਰਾਊਂਡ ਫਿਗਰ ਵਿੱਚ ਨਿਰਧਾਰਤ ਕਰ ਦਿੱਤੀਆਂ ਗਈਆਂ ਹਨ। ਘਰਾਂ ਦੀ ਲਿਪਾਈ , ਸਪੇਰੇ ਦੀ ਬੀਨ 'ਤੇ , ਨਲਕੇ ਦੁਆਲੇ ਲੱਗੇ ਫ਼ਰਸ਼ 'ਤੇ , ਕਈ ਧਾਰਮਿਕ ਅਸਥਾਨਾਂ 'ਤੇ , ਨਵ - ਜੰਮੇ ਬੱਚੇ ਦੀ ਤੜਾਗੀਆਂ ਆਦਿ 'ਚ ਸਜਾਈਆਂ ਜਾਣ ਵਾਲੀਆਂ ਦੁੱਕੀਆਂ - ਤਿੱਕੀਆਂ ਜਾਂ ਫਿਰ ਆਮ ਜਨ - ਜੀਵਨ ਦੇ ਵੱਖ - ਵੱਖ ਰਸਮਾਂ - ਰਿਵਾਜਾਂ ਦੇ ਸਮੇਂ ਵਰਤੀਆਂ ਜਾਣ ਵਾਲੀਆਂ ਪੰਜੀਆਂ - ਦਸੀਆਂ ਤਾਂ ਹੁਣ ਬੀਤੇ ਦੀ ਬਾਤ ਬਣ ਕੇ ਰਹਿ ਗਈਆਂ ਹਨ। ਭਾਨ ਨਾਲੋਂ ਮਨੁੱਖ ਦਾ ਨਾਤਾ ਟੁੱਟਦਾ ਹੀ ਜਾ ਰਿਹਾ ਹੈ ਅਤੇ ਅੱਜ ਹਰ ਕੋਈ ਪਰਸ , ਬਟੂਏ ਜਾਂ ਜੇਬ ਵਿੱਚ ਵੱਡੀ ਕਰੰਸੀ ਦੇ ਨੋਟ ਰੱਖਣ ਨੂੰ ਅਹਿਮੀਅਤ ਦੇਣ ਲੱਗਾ ਹੈ ਜਾਂ ਜ਼ਿਆਦਾਤਰ ਆਨਲਾਈਨ ਭੁਗਤਾਨ ਨੂੰ ਤਰਜੀਹ ਦਿੱਤੀ ਜਾਣ ਲੱਗ ਪਈ ਹੈ ; ਪਰ ਆਪਣੇ ਸਮਿਆਂ 'ਚ ਵਰਤੀ ਕਰੰਸੀ ਨੂੰ ਭੁੱਲਣਾ ਬਹੁਤ ਔਖਾ ਹੁੰਦਾ ਹੈ ਤੇ ਲੋੜ ਹੈ ਅਜਿਹੀ ਲੁਪਤ ਹੋਈ ਜਾਂ ਲੁਪਤ ਹੋਣ ਜਾ ਰਹੀ ਕਰੰਸੀ ਬਾਰੇ ਨਵੀਂ - ਨਰੋਈ ਪੀੜ੍ਹੀ ਨੂੰ ਦੱਸਣ ਦੀ ਅਤੇ ਆਪਣੀ ਯਾਦਦਾਸ਼ਤ ਲਈ ਸੰਜੋਅ ਕੇ ਰੱਖਣ ਦੀ।

*-ਮਾਸਟਰ ਸੰਜੀਵ ਧਰਮਾਣੀ*
*ਸ੍ਰੀ ਅਨੰਦਪੁਰ ਸਾਹਿਬ*
*9478561356*

## ਹਲਕਾ-ਫੁਲਕਾ

ਇੱਕ ਦੋਸਤ (ਦੂਸਰੇ ਦੋਸਤ ਨੂੰ), ''ਯਾਰ, ਮੇਰੀ ਪਤਨੀ ਬਹੁਤ ਖਰਚੀਲੇ ਸੁਭਾਅ ਦੀ ਹੋ ਗਈ ਹੈ, ਆਏ ਦਿਨ ਕਦੇ 1000, ਕਦੇ 2000 ਰੁਪਏ ਮੰਗਦੀ ਰਹਿੰਦੀ ਹੈ।''
ਦੋਸਤ ,''ਤੇਰੀ ਪਤਨੀ ਇੰਨੇ ਪੈਸਿਆਂ ਦਾ ਕਰਦੀ ਕੀ ਹੈ?''
ਪਹਿਲਾ ਦੋਸਤ, ''ਕੀ ਪਤਾ, ਮੈਂ ਕਦੀ ਦਿੱਤੇ ਤਾਂ ਹੈ ਨਹੀਂ?''

******



ਸਹੁਰਾ (ਜੁਆਈ ਨੂੰ), ''ਬੇਟਾ, ਮੇਰੀ ਧੀ ਦਾ ਖਿਆਲ ਰੱਖਣਾ, ਇਸ ਦੀਆਂ ਅੱਖਾਂ ਵਿੱਚੋਂ ਕਦੀ ਹੰਝੂ ਨਾ ਆਉਣ।''
ਜੁਆਈ, ''ਠੀਕ ਹੈ ਜੀ, ਪਿਆਜ਼ ਮੈਂ ਕੱਟ ਦਿਆ ਕਰਾਂਗਾ, ਪਰ ਭਾਂਡੇ ਇਸ ਨੂੰ ਮਾਂਜਣੇ ਪੈਣਗੇ।''

******

ਇੱਕ ਗ਼ਰੀਬ ਆਦਮੀ ਦੁਖੀ ਹੋ ਕੇ ਬੋਲਿਆ, ''ਹੇ ਰੱਬਾ, ਇਸ ਜ਼ਿੰਦਗੀ ਨਾਲੋਂ ਤਾਂ ਮੌਤ ਚੰਗੀ ਹੈ।''
ਅਚਾਨਕ ਉਸ ਵੇਲੇ ਯਮਦੂਤ ਆਇਆ ਤੇ ਬੋਲਿਆ, ''ਚੱਲ ਤੇਰੀ ਜਾਨ ਲੈਣ ਆਇਆ ਹਾਂ।''
ਗ਼ਰੀਬ ਆਦਮੀ (ਯਮਦੂਤ ਨੂੰ), ''ਲਓ ਜੀ! ਅੱਜ ਗ਼ਰੀਬ ਆਦਮੀ ਮਜ਼ਾਕ ਵੀ ਨਹੀਂ ਕਰ ਸਕਦਾ।''



# ਐਸ ਬੀ ਆਈ ਦੇ ਰਿਟਾਇਰਡ ਮੈਨੇਜਰ ਵੱਲੋਂ ਏਜੰਟਾਂ ਨਾਲ ਮਿਲ ਕੇ 3 ਕਰੋੜ ਤੋਂ ਵੱਧ ਦੀ ਧੋਖਾਧੜੀ

### * ਪੰਜ ਜਣਿਆਂ ਦੇ ਖਿਲਾਫ ਕੇਸ ਦਰਜ

ਲੁਧਿਆਣਾ, 21 ਨਵੰਬਰ (ਪੋਸਟ ਬਿਊਰੋ)- ਸਰਕਾਰੀ ਵਿਭਾਗਾਂਦੀ ਨੌਕਰੀ ਕਰਦੇ ਦਰਜਾ ਚਾਰ ਮੁਲਾਜ਼ਮਾਂ ਦੇ ਨਾਂਅਹੇਠ ਸਰਕਾਰੀ ਸਕੀਮ ਲਈ ਕਰੀਬ 65 ਕਰਜ਼ਦਾਰਾਂ ਦੇ ਨਾਂਅ ਉੱਤੇ ਤਿੰਨ ਕਰੋੜ 20 ਲੱਖ ਰੁਪਏ ਦੀ ਠੱਗੀ ਬਦਲੇ ਇੱਕ ਬੈਂਕ ਦੇ ਰਿਟਾਇਰਡ ਮੈਨੇਜਰ ਸਣੇ ਪੰਜ ਜਣਿਆਂ ਖਿਲਾਫ ਥਾਣਾ ਮੋਤੀਨਗਰ ਵਿੱਚ ਕੇਸ ਦਰਜ ਹੋਇਆ ਹੈ।





ਇਸ ਕੇਸ ਦੇ ਜਾਂਚ ਅਧਿਕਾਰੀ ਰਾਜੇਸ਼ ਕੁਮਾਰ ਦੇ ਦੱਸਣ ਅਨੁਸਾਰ ਭਾਰਤੀ ਸਟੇਟ ਬੈਂਕ(ਐਸ ਬੀ ਆਈ), ਲਿੰਕ ਰੋਡ ਬ੍ਰਾਂਚ ਲੁਧਿਆਣਾ ਦੇ ਮੈਨੇਜਰ ਅਭਿਸ਼ੇਕ ਜੈਨ ਨੇ ਜ਼ਿਲ੍ਹਾ ਪੁਲਸ ਨੂੰ ਸ਼ਿਕਾਇਤ ਦਿੱਤੀ ਹੈ ਕਿ ਬੈਂਕ ਦਾ ਬ੍ਰਾਂਚ ਮੈਨੇਜਰ ਹੁੰਦਿਆਂ ਰਾਜੇਸ਼ ਕੁਮਾਰ ਪੁੱਤਰ ਕੁਲਭੂਸ਼ਣ ਲਾਲ ਵਾਸੀ ਬੀ ਆਰ ਐੱਸ ਨਗਰ, ਲੁਧਿਆਣਾ ਨੇ ਏਜੰਟਾਂ ਅਰੁਣ ਕੁਮਾਰ, ਅੰਕੁਸ਼ ਕੁਮਾਰ ਪੁੱਤਰ ਰਮੇਸ਼ ਕੁਮਾਰ ਵਾਸੀ ਸਤਜੋਤ ਨਗਰ, ਲੁਧਿਆਣਾ, ਅਮਰਜੀਤ ਸਿੰਘ ਪੁੱਤਰ ਦਵਿੰਦਰ ਸਿੰਘ ਵਾਸੀ ਫਰੈਂਡਜ਼ ਕਾਲੋਨੀ, ਸਾਹਨੇਵਾਲ ਅਤੇ ਹਰੀਸ਼ ਕੁਮਾਰ ਪੁੱਤਰ ਰਾਮ ਦਾਸ ਵਾਸੀ ਜਨਤਾ ਨਗਰ, ਲੁਧਿਆਣਾ ਦੇ ਨਾਲ ਮਿਲ ਕੇ ਗਰੀਬ ਅਨਪੜ੍ਹ ਲੋਕਾਂ ਦੇ ਦਸਤਾਵੇਜ਼ ਲੈ ਕੇ ਉਨ੍ਹਾਂ ਦੀਆਂ ਵੱਖ-ਵੱਖ ਵਿਭਾਗਾਂ ਵਿੱਚ ਕੰਮ ਕਰਨ ਦੀਆਂ ਜਾਅਲੀ ਸੈਲਰੀ ਸਟੇਟਮੈਂਟਾਂ ਬਣਾ ਕੇ ਸਰਕਾਰੀ ਸਕੀਮ ਹੇਠ 65 ਕਰਜ਼ਦਾਰਾਂ ਦੇ ਨਾਂਅ ਉੱਤੇ ਐਕਸਪ੍ਰੈਸ ਕ੍ਰੈਡਿਟ ਸਕੀਮ ਤਹਿਤ ਕਰਜਾ ਮਨਜ਼ੂਰ ਕਰਵਾ ਕੇ ਉਨ੍ਹਾਂ ਦੇ ਬੱਚਤ ਖਾਤਿਆਂ ਵਿੱਚ ਰਕਮ ਟਰਾਂਸਫਰ ਕੀਤੀ ਤੇ ਫਿਰ ਉਨ੍ਹਾਂ ਤੋਂ ਚੈਕਾਂ ਰਾਹੀਂ ਕਰੀਬ ਤਿੰਨ ਕਰੋੜ ਵੀਹ ਲੱਖ ਰੁਪਏ ਕੱਢਵਾ ਕੇ ਹੜੱਪ ਲਏ। ਥਾਣਾ ਮੋਤੀ ਨਗਰ ਪੁਲਸ ਨੇ ਰਿਟਾਇਰਡ ਬ੍ਰਾਂਚ ਮੈਨੇਜਰ ਰਾਜੇਸ਼ ਕੁਮਾਰ ਅਤੇ ਬਾਕੀ ਦੋਸ਼ੀਆਂ ਖਿਲਾਫ ਧੋਖਾਦੇਹੀ ਅਤੇ ਹੋਰ ਧਾਰਾਵਾਂ ਦਾ ਕੇਸ ਦਰਜ ਕਰ ਕੇ ਕਾਰਵਾਈ ਸ਼ੁਰੂ ਕਰ ਦਿੱਤੀ ਹੈ

# ਜਾਖੜ ਨੇ ਖੇਤੀ ਬਿੱਲ ਮੁੱਦੇ ਤੋਂ ਵੱਡੇ ਬਾਦਲ ਨੂੰ ਕਿਸਾਨਾਂ ਕੋਲੋਂ ਮੁਆਫੀ ਮੰਗਣ ਨੂੰ ਕਿਹਾ

ਚੰਡੀਗੜ੍ਹ, 21 ਨਵੰਬਰ (ਪੋਸਟ ਬਿਊਰੋ)- ਪੰਜਾਬ ਕਾਂਗਰਸ ਦੇ ਸਾਬਕਾ ਪ੍ਰਧਾਨ ਸੁਨੀਲ ਜਾਖੜ ਮੁਤਾਬਕ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੂੰ ਸਾਰੇ ਕਿਸਾਨਾਂ ਤੋਂ ਮੁਆਫੀ ਮੰਗਣੀ ਚਾਹੀਦੀ ਹੈ, ਕਿਉਂਕਿ ਖੇਤੀ ਕਾਨੂੰਨ ਬਣਾਉਣ ਵਿੱਚ ਬਾਦਲ ਪਰਵਾਰ ਭਾਗੀਦਾਰ ਸੀ। ਉਨ੍ਹਾਂ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਇਹ ਤਿੰਨ ਖੇਤੀ ਕਾਨੂੰਨ ਬਣਾਏ ਸਨ ਤਾਂ ਬੀਤੇ ਦਿਨੀਂ ਇਹ ਕਾਨੂੰਨ ਵਾਪਸ ਲੈਣ ਵੇਲੇ ਮੁਆਫੀ ਮੰਗੀ ਹੈ, ਜਿਸ ਦੇ ਬਾਅਦ ਵਾਰੀ ਪ੍ਰਕਾਸ਼ ਸਿੰਘ ਬਾਦਲ ਦੀ ਹੈ, ਜਿਨ੍ਹਾਂ ਨੇ ਇਨ੍ਹਾਂ ਕਾਨੂੰਨਾਂ ਨੂੰ ਜਾਇਜ਼ ਠਹਿਰਾਉਣ ਲਈ ਬਾਕਾਇਦਾ ਵੀਡੀਓ ਬਣਾ ਕੇ ਵਕਾਲਤ ਕੀਤੀ ਸੀ।



ਸੁਨੀਲ ਜਾਖੜ ਨੇ ਕਿਹਾ ਕਿ ਪ੍ਰਕਾਸ਼ ਸਿੰਘ ਬਾਦਲ ਸਿਆਸਤ ਦੇ ਪੁਰਾਣੇ ਖਿਡਾਰੀ ਹਨ, ਜਿਨ੍ਹਾਂ ਨੇ ਖੇਤੀ ਕਾਨੂੰਨਾਂ ਦੀ ਵਕਾਲਤ ਦੇ ਛੇਤੀ ਬਾਅਦ ਗਲਤ ਕਦਮ ਮਹਿਸੂਸ ਕਰ ਲਿਆ ਸੀ ਅਤੇ ਬਾਦਲ ਪਰਵਾਰਕਿਸਾਨੀ ਅੰਦੋਲਨ ਦਾ ਸੇਕ ਝੱਲ ਨਾ ਸਕਿਆ ਤਾਂ ਮਜਬੂਰੀਵੱਸ ਅਕਾਲੀ ਦਲ ਨੂੰ ਐਨ ਡੀ ਏ ਨਾਲੋਂ ਨਾਤਾ ਤੋੜਨਾ ਪਿਆ ਸੀ। ਉਨ੍ਹਾਂ ਕਿਹਾ ਕਿ ਬਾਦਲ ਪਰਵਾਰ ਦੇ ਨਾਤਾ ਤੋੜਨ ਜਾਂ ਵਜ਼ੀਰੀ ਛੱਡਣ ਨਾਲ ਗੁਨਾਹ ਮੁਆਫ ਨਹੀਂ ਹੋ ਜਾਂਦੇ, ਜਿਸ ਤਰ੍ਹਾਂ ਪ੍ਰਧਾਨ ਮੰਤਰੀ ਨੇ ਮੁਆਫੀ ਮੰਗੀ ਹੈ, ਉਸੇ ਤਰ੍ਹਾਂ ਪ੍ਰਕਾਸ਼ ਸਿੰਘ ਬਾਦਲ ਵੀ ਕਿਸਾਨਾਂ ਤੋਂ ਮੁਆਫੀ ਮੰਗਣ। ਜਾਖੜ ਨੇ ਕਿਹਾ ਕਿ ਪੁੱਤਰ ਮੋਹ ਤੇ ਸੱਤਾ ਦੇ ਲਾਲਚ ਵਿੱਚ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਖੇਤੀ ਕਾਨੂੰਨਾਂ ਦੀ ਹਮਾਇਤ ਦਾ ਕਲੰਕ ਸਹੇੜਿਆ ਸੀ।

ਇਸ ਮੌਕੇ ਸੁਨੀਲ ਜਾਖੜ ਨੇ ਕਿਹਾ ਕਿ ਪ੍ਰਧਾਨ ਮੰਤਰੀ ਇੱਕ ਸਾਲ ਪਿੱਛੋਂ ਕਿਸਾਨੀ ਤਾਕਤ ਨੂੰ ਸਮਝੇ ਹਨ, ਪਰ ਖੇਤੀ ਕਾਨੂੰਨ ਵਾਪਸ ਲੈਣ ਮਗਰੋਂ ਵੀ ਭਾਜਪਾ ਆਪਣੇ ਗੁਨਾਹ ਤੋਂ ਬਚ ਨਹੀਂ ਸਕਦੀ, ਕਿਉਂਕਿ ਕਿਸਾਨ ਅੰਦੋਲਨ ਦੌਰਾਨ ਕਰੀਬ ਸੱਤ ਸੌ ਕਿਸਾਨਾਂ ਨੂੰ ਜਾਨ ਗੁਆਉਣੀ ਪਈ ਹੈ, ਜੇ ਮੋਦੀ ਸਰਕਾਰ ਪਹਿਲਾਂ ਇਹ ਹੀ ਗੱਲ ਮੰਨ ਲੈਂਦੀ ਤਾਂ ਸੈਂਕੜੇ ਜਾਨਾਂ ਨੂੰ ਬਚਾਇਆ ਜਾ ਸਕਦਾ ਸੀ। ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਵੱਲੋਂ ਭਾਜਪਾ ਨਾਲ ਹੱਥ ਮਿਲਾਉਣ ਬਾਰੇ ਸੁਨੀਲ ਜਾਖੜ ਨੇ ਕਿਹਾ ਕਿ ਭਾਜਪਾ ਨਾਲ ਜੋ ਵੀ ਸਮਝੌਤਾ ਕਰੇਗਾ ਜਾਂ ਲੁਕ-ਛਿਪ ਕੇ ਉਸ ਨਾਲ ਚੱਲੇਗਾ, ਉਸ ਨੂੰ ਸਮਝ ਲੈਣਾ ਚਾਹੀਦਾ ਹੈ ਕਿ ਕੋਲੇ ਦੀ ਦਲਾਲੀ ਵਿੱਚ ਮੂੰਹ ਕਾਲਾ ਹੀ ਹੁੰਦਾ ਹੈ।

# ਮਾਂ-ਬਾਪ ਦੀ ਮੌਤ ਪਿੱਛੋਂ ਬੈਂਕ ਤੋਂ ਪੈਸੇ ਕਢਾਉਣ ਉੱਤੇ ਭਰਾ ਵੱਲੋਂ ਭਰਾ ਦੀ ਸ਼ਿਕਾਇਤ ਉਤੇ ਕੇਸ ਦਰਜ

ਜਲੰਧਰ, 21 ਨਵੰਬਰ (ਪੋਸਟ ਬਿਊਰੋ)- ਪਹਿਲਾਂ ਪਿਤਾ ਤੇ ਫਿਰ ਮਾਂ ਦੀ ਮੌਤ ਦੇ ਬਾਅਦ ਭਰਾਵਾਂ ਨੂੰ ਬਿਨਾਂ ਦੱਸੇ ਦੋਵਾਂ ਦੇ ਬੈਂਕ ਖਾਤੇ ਵਿੱਚੋਂ ਪੈਸੇ ਕਢਵਾਉਣ ਵਾਲੇ ਵੱਡੇ ਪੁੱਤਰ ਦੇ ਖਿਲਾਫ ਥਾਣਾ ਅੱਠ ਦੀ ਪੁਲਸ ਨੇ ਕੇਸ ਦਰਜ ਕੀਤਾ ਹੈ। ਦੋਸ਼ ਹੈ ਕਿ ਉਸ ਨੇ ਮਾਂ ਵੱਲੋਂ ਮੌਤ ਤੋਂ ਪਹਿਲਾਂ ਕੱਟੇ ਹੋਏ ਚੈਕ ਦੀ ਵਰਤੋਂ ਕੀਤਾ ਅਤੇ ਬੈਂਕ ਨੂੰ ਮੌਤ ਦੇ ਬਾਰੇ ਨਹੀਂ ਦੱਸਿਆ, ਜਦ ਕਿ ਦੋ ਹੋਰ ਵਾਰਸ ਭਰਾਵਾਂ ਨੂੰ ਵੀ ਇਸ ਬਾਰੇ ਸੂਚਨਾ ਨਹੀਂ ਦਿੱਤੀ ਗਈ ਸੀ।

ਮਨੋਜ ਕੁਮਾਰ ਪੁੱਤਰ ਸੋਮ ਰਾਜ ਵਾਸੀ ਨੂਰਪੁਰ ਨੇ ਪੁਲਸ ਨੂੰ ਦਿੱਤੀ ਸ਼ਿਕਾਇਤ ਵਿੱਚ ਕਿਹਾ ਕਿ ਉਸ ਦੇ ਪਿਤਾ ਦੀ 24 ਅਕਤੂਬਰ 2017 ਨੂੰ ਮੌਤ ਹੋ ਗਈ ਅਤੇ ਫਿਰ ਮਾਂ ਸੰਤੋਸ਼ ਰਾਣੀ ਦੀ 20 ਮਾਰਚ 2018 ਨੂੰ ਮੌਤ ਹੋ ਗਈ। ਮਾਤਾ-ਪਿਤਾ ਦੀ ਮੌਤ ਪਿੱਛੋਂ ਉਸ ਦਾ ਵੱਡਾ ਭਰਾ ਵਰਿੰਦਰ ਕੁਮਾਰ, ਅਰੁਣ ਅਤੇ ਉਹ ਖੁਦ ਮਾਂ-ਬਾਪ ਦੇ ਪੈਸਿਆਂ ਤੇ ਪ੍ਰਾਪਰਟੀ ਦੇ ਵਾਰਸ ਸਨ। ਮਨੋਜ ਨੇ ਦੋਸ਼ ਲਾਇਆ ਕਿ ਉਸ ਦੀ ਮਾਂ ਨੇ ਮੌਤ ਤੋਂ ਪਹਿਲਾਂ ਉਸ ਦੇ ਭਰਾ ਵਰਿੰਦਰ ਨੂੰ ਇੱਕ ਲੱਖ ਰੁਪਏ ਦਾ ਸੈਲਫਚੈਕ ਦਾ ਕੱਟ ਕੇ ਦਿੱਤਾ ਸੀ ਅਤੇ ਕਰੀਬ ਤਿੰਨ ਲੱਖ ਦਾ ਚੈਕ ਐਲ ਆਈ ਸੀ ਵਾਲਾ ਸੀ। ਵਰਿੰ-ਦਰ ਨੇ ਬੈਂਕ ਨੂੰ ਮਾਤਾ ਦੀ ਮੌਤ ਦੀ ਸੂਚਨਾ ਦਿੱਤੇ ਬਿਨਾਂ ਮੌਤ ਹੋਣ ਤੋਂ ਪਹਿਲਾਂ ਸਾਈਨ ਕਰਵਾ ਕੇ ਕੱਟੇ ਸੈਲਫ ਚੈਕ ਨਾਲ ਇੱਕ ਲੱਖ ਰੁਪਏ ਅਤੇ ਪਿਤਾ ਦੀ ਮੌਤ ਦੇ ਬਾਅਦ ਉਨ੍ਹਾਂ ਦਾ ਏ ਟੀ ਐਮ ਵਰਤ ਕੇ ਤੀਹ ਹਜ਼ਾਰ ਰੁਪਏ ਕਢਵਾ ਲਏ। ਜਦ ਮਨੋਜ ਕੁਮਾਰ ਨੇ ਬੈਂਕ ਸਟੇਟਮੈਂਟ ਕਢਵਾਈ ਤਾਂ ਭੇਦ ਖੁੱਲ੍ਹ ਗਿਆ। ਉਸ ਦਾ ਕਹਿਣਾ ਹੈ ਕਿ ਉਸ ਦੇ ਭਰਾ ਨੇ ਦੂਸਰੇ ਭਰਾਵਾਂ ਨੂੰ ਸੂਚਨਾ ਦਿੱਤੇ ਬਿਨਾਂ ਧੋਖਾਧੜੀ ਨਾਲ ਪੈਸੇ ਕਢਵਾਏ ਹਨ।

# ਬਾਬਾ ਫਰੀਦ ਯੂਨੀਵਰਸਿਟੀ ਆਫ਼ ਹੈੱਲਥ ਸਾਇੰਸਜ਼ ਦੇ ਕੈਂਪਸ ਇੰਸਟੀਚਿਊਟ ਸ੍ਰੀ ਗੋਇੰਦਵਾਲ ਸਾਹਿਬ ਵਿਖੇ ਲੱਗਭੱਗ 15 ਕਰੋੜ ਰੁਪਏ ਦੀ ਲਾਗਤ ਨਾਲ ਬਣਾਇਆ ਜਾਵੇਗਾ ਹਸਪਤਾਲ-ਡਾ. ਵੇਰਕਾ

### * ਨਵੇਂ ਬਣੇ ਹੋਸਟਲ ਦਾ ਕੀਤਾ ਉਦਘਾਟਨ

ਸ੍ਰੀ ਗੋਇੰਦਵਾਲ ਸਾਹਿਬ, 21 ਨਵੰਬਰ (ਗਿਆਨ ਸਿੰਘ)- ਕੈਬਨਿਟ ਮੰਤਰੀ ਪੰਜਾਬ ਡਾ. ਰਾਜ ਕੁਮਾਰ ਵੇਰਕਾ ਵੱਲੋਂ ਅੱਜ ਬਾਬਾ ਫਰੀਦ ਯੂਨੀਵਰਸਿਟੀ ਆਫ਼ ਹੈੱਲਥ ਸਾਇੰਸਜ਼ ਦੇ ਕੈਂਪਸ ਇੰਸਟੀਚਿਊਟ ਸ੍ਰੀ ਗੋਇੰਦਵਾਲ ਸਾਹਿਬ ਵਿਖੇ ਨਵੇਂ ਬਣੇ ਹੋਸਟਲ ਦਾ ਉਦਘਾਟਨ ਕੀਤਾ ਗਿਆ। ਇਸ ਮੌਕੇ ਹਲਕਾ ਵਿਧਾਇਕ ਖਡੂਰ ਸਾਹਿਬ ਸ੍ਰ. ਰਮਨਜੀਤ ਸਿੰਘ ਸਿੱਕੀ, ਡਿਪਟੀ ਕਮਿਸ਼ਨਰ ਤਰਨ ਤਾਰਨ ਸ੍ਰੀ ਕੁਲਵੰਤ ਸਿੰਘ, ਡਾ. ਰਾਜ ਬਹਾਦਰ ਵਾਈਸ ਚਾਂਸਲਰ, ਬਾਬਾ ਫਰੀਦ ਯੂਨੀਵਰਸਿਟੀ ਆਫ਼ ਹੈੱਲਥ ਸਾਇੰਸਜ਼, ਪ੍ਰਿੰਸੀਪਲ ਸ੍ਰੀਮਤੀ ਚਰਨਜੀਤ ਕੌਰ ਬੁੱਟਰ ਤੋਂ ਇਲਾਵਾ ਹੋਰ ਪਤਵੰਤੇ ਵੀ ਹਾਜ਼ਰ ਸਨ।



ਇਸ ਮੌਕੇ ਸੰਬੋਧਨ ਕਰਦਿਆਂ ਡਾ. ਰਾਜ ਕੁਮਾਰ ਵੇਰਕਾ ਨੇ ਕਿਹਾ ਕਿ ਇਸ ਇਲਾਕੇ ਖਾਸਕਰ ਹਲਕਾ ਵਿਧਾਇਕ ਸ੍ਰ. ਰਮਨਜੀਤ ਸਿੰਘ ਸਿੱਕੀ ਦੀ ਮੰਗ 'ਤੇ ਇਸ ਕੈਂਪਸ ਵਿੱਚ ਲੱਗਭੱਗ 15 ਕਰੋੜ ਰੁਪਏ ਦੀ ਲਾਗਤ ਨਾਲ ਹਸਪਤਾਲ ਬਣਾਇਆ ਜਾਵੇਗਾ ਅਤੇ ਇਸ ਦੀ ਉਸਾਰੀ ਦਾ ਕੰਮ ਜਲਦੀ ਹੀ ਸ਼ੁਰੂ ਹੋ ਜਾਵੇਗਾ। ਉਹਨਾਂ ਕਿਹਾ ਕਿ ਇਸ ਹੋਸਟਲ ਦੇ ਬਣਨ ਨਾਲ ਇਸ ਇਲਾਕੇ ਅਤੇ ਦੂਰ ਦੁਰਾਡੇ ਤੋਂ ਆਉਣ ਵਾਲੀਆਂ ਵਿਦਿਆਰਥੀਆਂ ਨੂੰ ਆਪਣੀ ਪੜਾਈ ਇੱਥੇ ਰਹਿ ਕੇ ਕਰਨ ਵਿੱਚ ਬਹੁਤ ਸੌਖ ਹੋਵੇਗੀ ਅਤੇ ਉਹਨਾਂ ਨੂੰ ਸ਼ਾਤਮਈ ਮਾਹੌਲ ਵਿੱਚ ਰਹਿ ਕੇ ਪੜਾਈ ਕਰਨ ਦੀ ਸਹੂਲਤ ਮਿਲੇਗੀ।

ਇਸ ਮੌਕੇ ਜਾਣਕਾਰੀ ਦਿੰਦਿਆਂ ਕੈਂਪਸ ਇੰਸਟੀਚਿਊਟ ਦੇ ਪ੍ਰਿੰਸੀਪਲ ਸ੍ਰੀਮਤੀ ਚਰਨਜੀਤ ਕੌਰ ਬੁੱਟਰ ਨੇ ਦੱਸਿਆ ਕਿ ਇਸ ਹੋਸਟਲ ਵਿੱਚ 52 ਕਮਰਿਆਂ ਦੀ ਉਸਾਰੀ ਕੀਤੀ ਗਈ ਹੈ, ਜਿਸ ਵਿੱਚ 104 ਵਿਦਿਆਰਥੀਆਂ ਦਾ ਰਹਾਇਸ਼ ਦਾ ਪ੍ਰਬੰਧ ਹੋਵੇਗਾ।

Steinmetz & Associates
PERSONAL INJURY LAWYERS



Harry Steinmetz
Certified as Specialist
by the Law Society of
Ontario in Civil Litigation
(with over 27yrs. of experience)



BOBBY SIDHU
partner
(Serving the Community for Over 16 yrs.)

ਕੀ ਐਕਸੀਡੈਂਟ ਵਿੱਚ ਤੁਹਾਡੇ ਸੱਟ ਲੱਗ ਗਈ ਹੈ?

ਮੁੱਫਤ ਸਲਾਹ ▪ ਫੀਸ ਸੈਟਲਮੈਂਟ ਹੋਣ ਤੋ ਬਾਅਦ

ਜੇਕਰ ਤੁਹਾਡਾ ਕਸੂਰ ਹੈ ਜਾਂ ਨਹੀਂ, ਚਾਹੇ ਤੁਸੀਂ ਕੰਮ ਕਰਦੇ ਹੋ ਜਾਂ ਨਹੀਂ, ਚਾਹੇ ਤੁਸੀਂ Housewife ਹੋ, Student ਹੋ, Pedestrian ਹੋ, Cycliust ਹੋ, ਐਕਸੀਡੈਂਟ ਵਿਚ ਸੱਟ ਲੱਗਣ ਦੀ ਸੂਰਤ ਵਿਚ ਤੁਸੀਂ ਕਈ ਬੈਨੀਫਿਟਸ ਦੇ ਹੱਕਦਾਰ ਹੋ ਸਕਦੇ ਹੋ। ਜੇਕਰ ਤੁਹਾਡੀ ਗਲਤੀ ਨਹੀਂ ਹੈ ਤਾਂ ਤੁਸੀਂ Pain & Suffering ਸਮੇਤ ਕਈ ਮਿਲੀਅਨ ਡਾਲਰ ਦੇ ਕਲੇਮ ਦੇ ਹੱਕਦਾਰ ਹੋ ਸਕਦੇ ਹੋ।

ਹੁਣ ਤੱਕ ਅਸੀਂ ਆਪਣੇ Clients ਨੂੰ ਕਈ ਮਿਲੀਅਨ ਤੱਕ ਦੇ ਕਲੇਮ ਦੁਆ ਚੁੱਕੇ ਹਾਂ।
ਜੇਕਰ ਤੁਸੀਂ ਆਪਣੀਆਂ ਮੌਜੂਦਾ ਕਾਨੂੰਨੀ ਸੇਵਾਵਾਂ ਤੋਂ ਸੰਤੁਸ਼ਟ ਨਹੀਂ ਹੋ ਤਾਂ ਅਸੀਂ ਤੁਹਾਡੀ ਸੇਵਾ ਲਈ ਹਾਜਰ ਹਾਂ।

If you are hurt in Auto Accident, Slip & Fall or you have long Term Disability Claims
Protect yourself, Protect your family, Know your rights.
For exceptional service, benefits you are entitled to and a settlement you deserve, call the name you trust

You only pay upon settlement

GURSHARAN BOBBY SIDHU
647.539.3020

1450 Meyerside Drive, Suite 308, Mississauga
2 OFFICES TO SERVE YOU
55 St. Clair Ave., West, Toronto

email: bsidhu@steinmetzlawyers.ca website: www.steinmetzlawyers.ca

# ਸੀਨੀਅਰ ਆਈ ਏ ਐਸ ਅਫਸਰ ਕਾਂਗਰਸ ਵੱਲੋਂ ਬੰਗਾ ਤੋਂ ਚੋਣ ਲੜਨ ਦੀ ਤਿਆਰੀ ਵਿੱਚ!

ਚੰਡੀਗੜ੍ਹ, 21 ਨਵੰਬਰ (ਪੋਸਟ ਬਿਊਰੋ)- ਅਗਲੇ ਦਿਨਾਂ ਵਿੱਚ ਪੰਜਾਬ ਦੇ ਇੱਕ ਸੀਨੀਅਰ ਆਈ ਏ ਐਸ ਅਫਸਰ ਦੇ ਕਾਂਗਰਸ ਵਿੱਚ ਸ਼ਾਮਲ ਹੋਣ ਅਤੇ ਬੰਗਾ ਵਿਧਾਨ ਸਭਾ ਹਲਕੇ ਤੋਂ ਚੋਣ ਲੜਨ ਦੇ ਚਰਚੇ ਹਨ।

ਪਤਾ ਲੱਗਾ ਹੈ ਕਿ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਦੀ ਸਰਕਾਰ ਵਿੱਚ ਇੱਕ ਮਹੱਤਵਪੂਰਨ ਅਹੁਦੇਵਾਲੇ ਇੱਕ ਅਫਸਰ ਦੀ ਦੁਆਬੇ ਨਾਲ ਸਬੰਧਤ ਇੱਕ ਪ੍ਰਸਿੱਧ ਡੇਰੇ ਦੇ ਪ੍ਰਬੰਧਕਾਂ ਵੱਲੋਂ ਵੀ ਚੋਣ ਲੜਾਉਣ ਲਈ ਕਾਂਗਰਸ ਹਾਈਕਮਾਨ ਤਕ ਪੈਰਵੀ ਕੀਤੀ ਗਈ ਹੈ। ਬੰਗਾ ਸੀਟ ਤੋਂਅੱਜਕੱਲ੍ਹ ਅਕਾਲੀ ਦਲ ਦੇ ਡਾ: ਸੁਖਵਿੰਦਰ ਸਿੰਘ ਵਿਧਾਇਕ ਹਨ। ਜਾਣਕਾਰ ਸੂਤਰ ਦੱਸਦੇ ਹਨ ਕਿ ਕਾਂਗਰਸੀ ਟਿਕਟ ਦੇ ਦਾਅਵੇਦਾਰ ਦੱਸੇ ਜਾਂਦੇ ਇੱਕ ਕਾਂਗਰਸੀ ਆਗੂ ਨਾਲ ਉਸ ਅਫਸਰ ਤੇ ਉਸ ਦੇ ਭਰਾਵਾਂ ਨੇ ਸੰਪਰਕ ਕਰ ਕੇ ਭਰੋਸਾ ਦਿੱਤਾ ਹੈ ਕਿ ਉਹ ਉਸ ਦੀ ਹਰ ਹੋਰ ਮਦਦ ਲਈ ਤਿਆਰ ਹਨ।ਅਫਸਰ ਨੇ ਚੋਣ ਦੀ ਤਿਆਰੀ ਕਰ ਰਹੇ ਕਾਂਗਰਸੀ ਆਗੂ ਨੂੰ ਇੱਥੋਂ ਤਕ ਕਹਿ ਦਿੱਤਾ ਹੈ ਕਿ ਉਹ ਉਸ ਨੂੰ ਕਿਤੇ ਅਡਜਸਟ ਕਰਨਾ ਚਾਹੁੰਦੇ ਹਨ, ਪਰ ਅਗਲੀ ਸਰਕਾਰ ਵਿੱਚਕਰਨਗੇ। ਸਿਆਸੀ ਮਾਹਿਰ ਇਸ ਨੂੰ ਇਸ ਅਫਸਰ ਦੀ ਅਗਲੀ ਚੋਣ ਲੜਨ ਦੀ ਇੱਛਾ ਵਜੋਂ ਦੇਖਦੇ ਹਨ। ਇਸ ਅਧਿਕਾਰੀ ਦਾ ਪਿਛੋਕੜ ਵੀ ਦੁਆਬੇ ਨਾਲ ਸਬੰਧਤ ਹੈ ਤੇ ਉਹ ਪੰਜਾਬ ਸਰਕਾਰ ਵਿੱਚ ਵੱਖ-ਵੱਖ ਅਹੁਦਿਆਂ ਉੱਤੇ ਸੇਵਾ ਨਿਭਾ ਚੁੱਕਾ ਹੈ ਅਤੇ ਸੱਤ ਮਹੀਨਿਆਂ ਬਾਅਦ ਸੇਵਾਮੁਕਤ ਹੋਣ ਵਾਲਾ ਹੈ।

ਦੱਸਿਆ ਜਾਂਦਾ ਹੈ ਕਿ ਪਹਿਲਾਂ ਉਸ ਨੂੰ ਇੱਕ ਹੋਰ ਸੰਵਿਧਾਨਕ ਅਹੁਦੇ (ਕਮਿਸ਼ਨ)ਵਿੱਚ ਤਾਇਨਾਤ ਕਰਨ ਲਈ ਸਲਾਹਾਂ ਹੋ ਰਹੀਆਂ ਸਨ ਕਿ ਸਮੇਂ ਤੋਂਪਹਿਲਾਂ ਰਿਟਾਇਰਮੈਂਟ ਲੈ ਕੇ ਓਥੇ ਲਾ ਦਿੱਤਾ ਜਾਵੇ, ਪਰ ਮੁੱਖ ਮੰਤਰੀ ਬਦਲਣ ਦੇ ਬਾਅਦ ਹਾਲਾਤ ਬਦਲ ਗਏ ਹਨ। ਦਲਿਤ ਰਾਜਨੀਤੀ ਵਿੱਚ ਚੰਗਾ ਅਸਰ ਰਸੂਖ ਰੱਖਦੇ ਦੁਆਬੇ ਦੇ ਇੱਕ ਆਗੂ ਨੇ ਮੰਨਿਆ ਕਿ ਸਬੰਧਤ ਅਧਿਕਾਰੀ ਨੇ ਕਾਂਗਰਸੀ ਆਗੂ, ਜਿਸ ਦੇ ਪਰਵਾਰ ਦਾ ਪਹਿਲਾਂ ਬਹੁਜਨ ਸਮਾਜ ਪਾਰਟੀ ਨਾਲ ਜੁੜੇ ਹੋਣ ਕਰ ਕੇ ਦੁਆਬੇ ਵਿੱਚ ਚੰਗਾ ਅਸਰ ਰਸੂਖ ਹੈ, ਨੂੰ ਪਹੁੰਚ ਕਰ ਕੇ ਸਰਕਾਰ ਵਿੱਚ ਹਰ ਕੰਮ ਕਰਾਉਣ ਅਤੇ ਅਗਲੀ ਸਰਕਾਰ ਵਿੱਚ ਕਿਸੇ ਯੋਗ ਅਹੁਦੇ ਉੱਤੇ ਅਡਜਸਟ ਕਰਨ ਦਾ ਵਾਅਦਾ ਕੀਤਾ ਹੈ। ਇਹ ਵੀ ਪਤਾ ਲੱਗਾ ਹੈ ਕਿ ਇਸ ਅਫਸਰਨੇ ਪਿਛਲੇ ਦਿਨੀਂ ਡੇਰੇ ਦੇ ਆਸ-ਪਾਸ ਵਿਕਾਸ ਕਰਵਾਉਣ ਲਈ ਕਰੋੜਾਂ ਰੁਪਏ ਦੀ ਹੈ।

# ਥਾਣਾ ਮੁਖੀ ਨੇ ਗਹਿਣੇ ਚੋਰੀ ਕਰਨ ਦਾ ਦੋਸ਼ ਲਾ ਕੇ ਬਜ਼ੁਰਗ ਮਾਂ ਘਰੋਂ ਕੱਢੀ

ਮਾਹਿਲਪੁਰ, 21 ਨਵੰਬਰ (ਪੋਸਟ ਬਿਊਰੋ)- ਬਲਾਕ ਮਾਹਿਲਪੁਰ ਦੇ ਪਿੰਡ ਚੰਦੇਲੀ ਦੀ ਬਜ਼ੁਰਗ ਔਰਤ ਨੇ ਆਪਣੇ ਐਸ ਐਚ ਓ ਪੁੱਤਰ ਉੱਤੇ ਦੋਸ਼ ਲਾਇਆ ਹੈ ਕਿ ਉਸ ਨੇ ਉਸਨੂੰ ਲੱਖਾਂ ਰੁਪਏ ਦੇ ਗਹਿਣੇ ਚੋਰੀ ਕਰਨ ਦਾ ਦੋਸ਼ ਲਾ ਕੇ ਘਰੋਂ ਕੱਢ ਦਿੱਤਾ ਅਤੇ ਪੁਲਸ ਕੋਲ ਉਨ੍ਹਾਂ ਖਿਲਾਫ ਝੂਠੀ ਸ਼ਿਕਾਇਤ ਦਿੱਤੀ ਹੈ। ਘਰੋਂ ਕੱਢੀ ਬਜ਼ੁਰਗ ਮਾਂ ਆਪਣੀ ਬੇਟੀ ਦੇ ਘਰ ਰਹਿ ਰਹੀ ਹੈ। ਉਸ ਨੇ ਮੁੱਖ ਮੰਤਰੀ ਅਤੇ ਸੀਨੀਅਰ ਪੁਲਸ ਅਫਸਰਾਂ ਤੋਂ ਇਨਸਾਫ ਦੀ ਗੁਹਾਰ ਲਾਈ ਹੈ।

ਸੁਰਿੰਦਰ ਕੌਰ ਵਾਸੀ ਚੰਦੇਲੀ ਨੇ ਬੇਟੀ ਰਜਿੰਦਰ ਕੌਰ, ਜਵਾਈ ਨਰਿੰ-ਦਰਪਾਲ ਸਿੰਘ ਤੇ ਸਾਬਕਾ ਸਰਪੰਚ ਦਰਬਾਰਾ ਸਿੰਘ ਵਾਸੀ ਮਜਾਰੀ ਦੀ ਹਾਜ਼ਰੀ ਵਿੱਚ ਦੱਸਿਆ ਕਿ ਉਸ ਦੇ ਤਿੰਨ ਪੁੱਤਰ ਹਨ, ਜਿਨ੍ਹਾਂ ਵਿੱਚੋਂ ਦੋ ਬੇਟੇ ਵਿਦੇਸ਼ ਵਿੱਚ ਹਨ ਤੇ ਤੀਸਰਾ ਸੇਵਾ ਸਿੰਘ ਥਾਣਾ ਬਾਰਾਦਰੀ ਜਲੰਧਰ ਵਿੱਚ ਐਸ ਐਚ ਓ ਹੈ। ਮਾਂ ਨੇ ਆਪਣੀ ਜੱਦੀ ਜ਼ਮੀਨ ਅਤੇ ਘਰ ਤਿੰਨਾਂ ਪੁੱਤਰਾਂ ਦੇ ਨਾਂਅਬਰਾਬਰ ਵਸੀਅਤ ਕਰ ਦਿੱਤੀ ਹੈ। ਘਰ ਦੇ ਕਮਰਿਆਂ ਦੀਆਂ ਚਾਬੀਆਂ ਥਾਣੇਦਾਰ ਸੇਵਾ ਸਿੰਘ ਤੇ ਉਸ ਦੇ ਕੋਲ ਹਨ। ਦੋ ਮਹੀਨੇ ਪਹਿਲਾਂ ਇੱਕ ਕਮਰੇ ਦਾ ਤਾਲਾ ਖੋਲ੍ਹਦੇ ਸਮੇਂ ਗਲਤੀ ਨਾਲ ਦੂਸਰੀ ਚਾਬੀ ਲੱਗ ਗਈ ਤਾਂ ਚਾਬੀ ਤਾਲੇ ਵਿੱਚ ਫਸ ਗਈ, ਜਿਸ ਕਾਰਨ ਤਾਲਾ ਤੋੜਨਾ ਪਿਆ ਅਤੇ ਉਨ੍ਹਾਂ ਨੇ ਇੱਕ ਤਾਲੇ ਦੀ ਚਾਬੀ ਥਾਣੇਦਾਰ ਪੁੱਤਰ ਨੂੰ ਦੇ ਦਿੱਤੀ। ਇਸ ਪਿੱਛੋਂ ਸੇਵਾ ਸਿੰਘ ਤੇ ਉਸ ਦੇ ਪਰਵਾਰ ਨੇ ਉਸ ਉੱਤੇ 10000 ਰੁਪਏ, ਵੀਹ ਤੋਲੇ ਸੋਨੇ ਦੇ ਗਹਿਣੇ ਚੋਰੀ ਕਰਨ ਦਾ ਦੋਸ਼ ਲਾ ਕੇ ਝੂਠੀ ਸ਼ਿਕਾਇਤ ਥਾਣਾ ਮਾਹਿਲਪੁਰ ਵਿੱਚ ਦੇ ਦਿੱਤੀ।ਉਸ ਨੇ ਦੱਸਿਆ ਕਿ ਸੇਵਾ ਸਿੰਘ ਤੇ ਉਸ ਦੀ ਪਤਨੀ ਨੇ ਉਨ੍ਹਾਂ ਦੇ ਘਰ ਤਾਲਾ ਲਾ ਕੇ ਉਸ ਨੂੰ ਘਰੋਂ ਬੇਘਰ ਕਰ ਦਿੱਤਾ ਅਤੇ ਉਹ ਆਪਣੀ ਬੇਟੀ ਕੋਲ ਰਹਿਣ ਨੂੰ ਮਜ਼ਬੂਰ ਹੈ। ਉਸ ਨੇ ਦੋਸ਼ ਲਾਇਆ ਕਿ ਜਦ ਵੀ ਉਹ ਘਰ ਵਿੱਚ ਆਉਂਦੀ ਹੈ ਤਾਂ ਧੱਕੇ ਮਾਰ ਕੇ ਕੱਢ ਦਿੱਤਾ ਜਾਂਦਾ ਹੈ।

ਇਸ ਬਾਰੇ ਐਸ ਐਚ ਓ ਸੇਵਾ ਸਿੰਘ ਨੇ ਕਿਹਾ ਕਿ ਉਨ੍ਹਾਂ ਦੇ ਬੇਟੇ ਨੇ ਮਰਜ਼ੀ ਨਾਲ ਲਵ ਮੈਰਿਜ ਕਰਵਾਈ ਹੈ, ਜੋ ਮੇਰੀ ਮਾਂ ਨੂੰ ਪਸੰਦ ਨਹੀਂ ਹੈ। ਮੇਰੀ ਮਾਂ ਨੂੰਹ ਤੋਂ ਗਹਿਣੇ ਤੇ ਦਾਜ ਮੰਗਦੀ ਹੈ। ਘਰ ਵਿੱਚ ਚੋਰੀ ਵੀ ਮਾਂ ਨੇ ਕੀਤੀ ਹੈ, ਜਿਸ ਦੀ ਜਾਂਚ ਚੱਲ ਰਹੀ ਹੈ। ਉਸ ਨੇ ਕਿਹਾ ਕਿ ਸਾਡੇ 10 ਲੱਖ ਦੇ ਗਹਿਣੇ ਚੋਰੀ ਹੋਏ ਹਨ ਤੇ ਮੈਂ ਆਪਣੀ ਕਮਾਈ ਨਾਲ ਘਰ ਬਣਾਇਆ ਹੈ। ਮਾਂ ਆਪਣੀ ਬੇਟੀ ਨਾਲ ਆਪਣੀ ਮਰਜ਼ੀ ਨਾਲ ਰਹਿੰਦੀ ਹੈ ਅਤੇ ਜਦ ਮਾਂ ਬੇਟੀ ਦੇ ਘਰ ਰਹਿਣ ਲਈ ਜਾਂਦੀ ਹੈ ਤਾਂ ਉਸ ਦੇ ਬਾਅਦ ਘਰ ਵਿੱਚ ਤਾਲਾ ਲਾਉਣਾ ਪੈਂਦਾ ਹੈ।

# ਕੈਬਨਿਟ ਮੰਤਰੀ ਰਜ਼ੀਆ ਦੀ ਨੂੰਹ ਵੀ ਚੇਅਰਪਰਸਨ ਬਣਾਈ ਗਈ



ਚੰਡੀਗੜ੍ਹ, 21 ਨਵੰਬਰ (ਪੋਸਟ ਬਿਊਰੋ)- ਪੰਜਾਬ ਸਰਕਾਰ ਵੱਲੋਂ ਕੈਬਨਿਟ ਮੰਤਰੀ ਰਜ਼ੀਆ ਸੁਲਤਾਨਾ ਦੀ ਨੂੰਹ ਜ਼ੈਨਬ ਅਖਤਰ ਨੂੰ ਪੰਜਾਬ ਵਕਫ ਬੋਰਡ ਦਾ ਚੇਅਰਪਰਸਨ ਲਾਇਆ ਗਿਆ ਹੈ।

ਵਰਨਣ ਯੋਗ ਹੈ ਕਿ ਜ਼ੈਨਬ ਪੰਜਾਬ ਵਕਫ ਬੋਰਡ ਦੇ ਮੈਂਬਰ ਸਨ, ਜਿਨ੍ਹਾਂ ਨੂੰ ਤਰੱਕੀ ਦੇ ਕੇ ਇਹ ਅਹੁਦਾ ਦਿੱਤਾ ਗਿਆ ਹੈ। ਇਸ ਤੋਂ ਪਹਿਲਾਂ ਇਹ ਅਹੁਦਾ ਕੈਪਟਨ ਅਮਰਿੰਦਰ ਸਿੰਘ ਨੇ ਉਤਰ ਪ੍ਰਦੇਸ਼ ਦੇ ਇੱਕ ਸ਼ਖਸ ਨੂੰ ਦੇ ਰੱਖਿਆ ਸੀ। ਜਦੋਂ ਚੰਨੀ ਸਰਕਾਰ ਬਣੀ ਤਾਂ ਰਜ਼ੀਆ ਸੁਲਤਾਨਾ ਦੇ ਪਰਵਾਰ ਨੂੰ ਇਹ ਅਹੁਦਾ ਮਿਲ ਗਿਆ। ਸੂਤਰਾਂ ਮੁਤਾਬ ਬੇਸ਼ੱਕ ਵਕਫ ਬੋਰਡ ਦੀ ਮੀਟਿੰਗ ਵਿੱਚ ਹਰ ਇਹ ਫੈਸਲਾ ਹੁੰਦਾ ਹੈ, ਪਰ ਅਸਲ ਵਿੱਚ ਚੇਅਰਪਰਸਨ ਦੀ ਨਿਯੁਕਤੀ ਸਰਕਾਰ ਦੇ ਹੁਕਮਾਂ ਮੁਤਾਬਕ ਹੁੰਦੀ ਹੈ।ਪੰਜਾਬ ਕਾਂਗਰਸ ਦੇ ਪ੍ਰਧਾਨ ਨਵਜੋਤ ਸਿੱਧੂ ਦੇ ਸਲਾਹਕਾਰ ਮੁਹੰਮਦ ਮੁਸਤਫਾ ਸਾਬਕਾ ਆਈ ਪੀ ਐਸ ਅਧਿਕਾਰੀ ਹਨ, ਉਨ੍ਹਾ ਦੀ ਨੂੰਹ ਨੂੰ ਇਹ ਅਹੁਦਾ ਦਿੱਤੇ ਜਾਣ ਉੱਤੇ ਆਮ ਆਦਮੀ ਪਾਰਟੀ ਨੇ ਉਂਗਲ ਉਠਾਈ ਹੈ। ਵਿਰੋਧੀ ਧਿਰ ਦੇ ਨੇਤਾ ਹਰਪਾਲ ਸਿੰਘ ਚੀਮਾ ਨੇ ਕਿਹਾ ਕਿ ਨਵਜੋਤ ਸਿੱਧੂ ਦੱਸਣ ਕਿ ਕੀ ਪਰਵਾਰਵਾਦ ਹੀ ਕਾਂਗਰਸ ਵਿੱਚ ਯੋਗਤਾ ਰਹਿ ਗਈ ਹੈ, ਮੁਸਲਿਮ ਭਾਈਚਾਰੇ ਵਿੱਚੋਂ ਹੋਰ ਕੋਈ ਯੋਗ ਨਹੀਂ ਹੈ, ਜਿਸ ਨੂੰ ਅਹੁਦਾ ਦਿੱਤਾ ਜਾ ਸਕਦਾ ਸੀ। ਉਨ੍ਹਾਂ ਕਿਹਾ ਕਿ ਚੰਨੀ ਸਰਕਾਰ ਤੇ ਪੰਜਾਬ ਕਾਂਗਰਸ ਨੇ ਇੱਕੋ ਪਰਵਾਰ ਵਿੱਚ ਤਿੰਨ ਅਹੁਦੇ ਦੇ ਦਿੱਤੇ ਹਨ।

# ਪੰਜਾਬ ਵਿੱਚ ਫਿਰ ਟਿਫਨ ਵਿੱਚ ਹੈਂਡ ਗ੍ਰਨੇਡ ਮਿਲਿਆ

ਫਿਰੋਜ਼ਪੁਰ, 21 ਨਵੰਬਰ (ਪੋਸਟ ਬਿਊਰੋ)- ਅੰਮ੍ਰਿਤਸਰ-ਬਠਿੰਡਾ ਨੈਸ਼ਨਲ ਹਾਈਵੇ ਉੱਤੇ ਜ਼ੀਰਾ ਦੇ ਪਿੰਡ ਸੇਖਵਾਂ ਵਿੱਚ ਜੰਗਲਾਤ ਵਿਭਾਗ ਦੀ ਜ਼ਮੀਨ ਤੋਂ ਪੁਲਸ ਨੇ ਟਿਫਨ ਵਿੱਚ ਬੰਦ ਹੈਂਡ ਗ੍ਰਨੇਡ ਬਰਾਮਦ ਕੀਤਾ ਹੈ। ਕੱਲ੍ਹ ਦੁਪਹਿਰ ਬਾਅਦ ਪਿੰਡ ਸੇਖਵਾਂ ਦੀ ਆਬਾਦੀ ਤੋਂ ਕਰੀਬ ਡੇਢ ਕਿਲੋਮੀਟਰ ਦੂਰ ਜੰਗਲਾਤ ਵਿਭਾਗ ਦੀ ਜ਼ਮੀਨ ਉੱਤੇ ਵਿਭਾਗ ਦੇ ਮੁਲਾਜ਼ਮ ਕੰਮ ਕਰ ਰਹੇ ਸਨ ਤਾਂ ਇੱਕ ਜਣੇ ਨੇ ਦਰੱਖਤ ਹੇਠਾਂ ਟਿਫਨ ਪਿਆ ਦੇਖਿਆ। ਇਸ ਨੂੰ ਖੋਲ੍ਹ ਕੇ ਦੇਖਿਆ ਤਾਂ ਬੰਬ ਵਰਗੀ ਚੀਜ਼ ਦਿਖਾਈ ਦੇਣ ਉੱਤੇ ਉਹ ਘਬਰਾ ਗਿਆ ਤੇ ਰੌਲਾ ਪਾ ਦਿੱਤਾ। ਐਸ ਐਸ ਪੀ ਹਰਮਨਦੀਪ ਸਿੰਘ ਹਾਂਸ ਮੌਕੇ ਉੱਤੇ ਪੁੱਜੇ ਤੇ ਬੰਬ ਨਕਾਰਾ ਕਰਨ ਵਾਲੇ ਦਸਤੇ ਨੂੰ ਬੁਲਾ ਕੇ ਹੈਂਡ ਗ੍ਰਨੇਡ ਕਬਜ਼ੇ ਵਿੱਚ ਲੈਣ ਪਿੱਛੋਂ ਸਾਰੇ ਇਲਾਕੇ ਨੂੰ ਸੀਲ ਕਰ ਦਿੱਤਾ ਗਿਆ।ਪਿੰਡ ਸੇਖਵਾਂ ਵਿੱਚ ਜੰਗਲਾਤ ਵਿਭਾਗ ਦੀ ਜ਼ਮੀਨਤੋਂ ਨੈਸ਼ਨਲ ਹਾਈਵੇ ਨੇੜੇ ਹੋਣ ਦੇਕਾਰਨ ਇੱਥੋਂ ਹਜ਼ਾਰਾਂ ਵਾਹਨਾਂ ਦੀ ਆਵਾਜਾਈ ਹੋਣ ਕਰ ਕੇ ਏਥੇ ਚੌਕਸੀ ਵਧਾ ਦਿੱਤੀ ਗਈ ਹੈ।

ਵਰਨਣ ਯੋਗ ਹੈ ਕਿ ਪਹਿਲਾਂ ਵੀ ਇਸ ਜ਼ਿਲ੍ਹੇ ਵਿੱਚ ਟਿਫਨ ਬੰਬ ਮਿਲ ਚੁੱਕੇ ਹਨ। ਚਾਰ ਨਵੰਬਰ ਨੂੰ ਦੀਵਾਲੀ ਵਾਲੇ ਦਿਨ ਪੁਲਸ ਨੇ ਭਾਰਤ-ਪਾਕਿ-ਸਤਾਨ ਸਰਹੱਦ ਨਾਲ ਲੱਗਦੇ ਪਿੰਡ ਝੁੱਗੇ ਵਾਲੇ ਤੋਂ ਟਿਫਨ ਬੰਬ ਮਿਲਿਆ ਅਤੇ 15 ਸਤੰਬਰ ਰਾਤ ਨੂੰ ਜਲਾਲਾ-ਬਾਦ ਵਿੱਚ ਟਿਫਨ ਬੰਬ ਨਾਲ ਬਾਈਕ ਵਿੱਚ ਧਮਾਕਾ ਹੋਇਆ ਸੀ। ਪੁਲਸ ਨੇ ਬਾਅਦ ਵਿੱਚ ਦੋਸ਼ੀ ਫੜ ਲਏ ਸਨ। ਪੰਜ ਸਤੰਬਰ ਦੀ ਰਾਤ ਸ਼ਹਿਰ ਦੇ ਜੰਡੀ ਮੁਹੱਲੇ ਵਿੱਚ ਦੋ ਦੁਕਾਨਾਂ ਉੱਤੇ ਟਿਫਨ ਬੰਬ ਧਮਾਕੇ ਕੀਤੇ ਗਏ ਸਨ।

## ਏਸ਼ੀਅਨ ਵਿਦਿਆਰਥੀਆਂ ਉਤੇ ਨਸਲੀ ਹਮਲੇ ਦੇ ਚਾਰ ਦੋਸ਼ੀਆਂ ਵਿਰੁੱਧ ਦੋਸ਼ ਲਾਗੂ



ਸੈਕਰਾਮੈਂਟੋ, 21 ਨਵੰਬਰ (ਪੋਸਟ ਬਿਊਰੋ)- ਇਸ ਹਫਤੇ ਫਿਲਾਡੈਲਫੀਆ ਵਿੱਚ ਰੇਲ ਵਿੱਚ ਏਸ਼ੀਅਨ ਵਿਦਿਆਰਥੀਆਂ ਦੇ ਗਰੁੱਪ ਉਪਰ ਹਮਲਾ ਕਰਨ ਵਾਲੀਆਂ ਚਾਰ ਨਾਬਾਲਗ ਕੁੜੀਆਂ ਵਿਰੁੱਧ ਨਸਲੀ ਨਫਰਤ ਹੇਠ ਧਮਕਾਉਣ ਦੇ ਦੋਸ਼ ਲਾਗੂ ਕੀਤੇ ਗਏ ਹਨ। ਇਹ ਜਾਣਕਾਰੀ ਫਿਲਾਡੈਲਫੀਆ ਦੇ ਜ਼ਿਲ੍ਹਾ ਅਟਾਰਨੀ ਲੈਰੀ ਕਰਾਸਨਰ ਨੇ ਦਿੱਤੀ।

ਪੁਲਸ ਮੁਖੀ ਥਾਮਸ ਨੈਸਟੈਲ ਦੱਖਣੀ ਪੈਨਸਿਲਵਾਨੀਆ ਟਰਾਂਸਪੋਰਟ ਅਥਾਰਟੀ ਨੇ ਕਿਹਾ ਹੈ ਕਿ ਬੀਤੇ ਬੁੱਧਵਾਰ ਓਲਨੇਅ ਤੋਂ ਰੇਲ ਗੱਡੀ ਵਿੱਚ ਏਸ਼ੀਅਨ ਵਿਦਿਆਰਥੀ, ਜਿਨ੍ਹਾਂ ਵਿੱਚ ਤਿੰਨ ਮੁੰਡੇ ਅਤੇ ਇੱਕ ਕੁੜੀ ਸੀ, ਸਵਾਰ ਸਨ। ਉਨ੍ਹਾਂ ਉਪਰ ਚਾਰ ਕੁੜੀਆਂ ਨੇ ਹਮਲਾ ਕੀਤਾ ਤੇ ਹਮਲੇ ਸਮੇਂ ਨਸਲੀ ਸ਼ਬਦ ਵਰਤੇ ਸਨ। ਪੁਲਸ ਮੁਖੀ ਨੇ ਕਿਹਾ ਕਿ ਇਹ ਹਮਲਾ ਬਿਨਾਂ ਕਿਸੇ ਕਾਰਨ ਕੀਤਾ ਗਿਆ ਤੇ ਇਹ ਨਸਲੀ ਹਮਲਾ ਸੀ। ਹਮਲੇ ਦੌਰਾਨ ਲੜਕੀ ਬੁਰੀ ਤਰ੍ਹਾਂ ਜ਼ਖਮੀ ਹੋ ਗਈ। ਪੁਲਸ ਅਨੁਸਾਰ ਸਾਰੀਆਂ ਸ਼ੱਕੀ ਦੋਸ਼ੀ ਗੈਰ-ਗੋਰੀਆਂ ਲੜਕੀਆਂ ਹਨ ਤੇ ਉਨ੍ਹਾਂ ਦੀ ਉਮਰ 13 ਤੋਂ 16 ਸਾਲਾਂ ਦੇ ਵਿਚਕਾਰ ਹੈ।

## 85 ਮਿੰਟਾਂ ਲਈ ਕਮਲਾ ਹੈਰਿਸ ਰਾਸ਼ਟਰਪਤੀ ਦੀ ਸ਼ਕਤੀ ਵਾਲੀ ਪਹਿਲੀ ਮਹਿਲਾ ਬਣੀ



ਵਾਸ਼ਿੰਗਟਨ ਡੀ ਸੀ, 21 ਨਵੰਬਰ (ਪੋਸਟ ਬਿਊਰੋ)- ਰਾਸ਼ਟਰਪਤੀ ਜੋਅ ਬਾਇਡੇਨ ਨੇ ਸ਼ੁੱਕਰਵਾਰ ਅਸਥਾਈ ਤੌਰ ਉੱਤੇ ਉਪ ਰਾਸ਼ਟਰਪਤੀ ਕਮਲਾ ਹੈਰਿਸ ਨੂੰ ਸੱਤਾ ਦਾ ਤਬਾਦਲਾ ਕਰ ਦਿੱਤਾ, ਜਦੋਂ ਉਹ ਇੱਕ ਘੰਟਾ 25 ਮਿੰਟ ਲਈ ਰੁਟੀਨ ਕੋਲੋਨੋਸਕੋਪੀ ਲਈ ਐਨਸਥੀਸੀਆ ਦੇ ਅਸਰ ਹੇਠ ਡਾਕਟਰੀ ਚੈੱਕ ਅਪ ਕਰਵਾ ਰਹੇ ਸਨ।

ਦੇਸ਼ ਦੀ ਪਹਿਲੀ ਮਹਿਲਾ, ਪਹਿਲੀ ਗੈਰ-ਗੋਰੀ ਅਤੇ ਪਹਿਲੀ ਦੱਖਣੀ ਏਸ਼ੀਆਈ ਉਪ ਰਾਸ਼ਟਰਪਤੀ ਨੇ ਇੱਕ ਹੋਰ ਰੁਕਾਵਟ ਤੋੜ ਦਿੱਤਾ, ਜਦੋਂ ਉਸ ਨੇ ਅਸਥਾਈ ਤੌਰ ਉੱਤੇ ਇਸ ਦੇਸ਼ ਦੇ ਰਾਸ਼ਟਰਪਤੀ ਭੂਮਿਕਾ ਨਿਭਾਈ। ਕਮਾਲ ਹੈਰਿਸ ਨੇ ਵੈਸਟ ਵਿੰਗ ਵਿੱਚ ਆਪਣੇ ਦਫਤਰ ਤੋਂ ਕੰਮ ਕੀਤਾ, ਜਿਸ ਵਕਤ ਬਾਇਡੇਨ ਐਨਸਥੀਸੀਆ ਦੇ ਅਸਰ ਅਧੀਨ ਸਨ। ਕੱਲ੍ਹ 79 ਸਾਲ ਦੇ ਹੋਏਬਾਇਡੇਨ ਅਹੁਦਾ ਸੰਭਾਲਣ ਪਿੱਛੋਂ ਆਪਣੀ ਪਹਿਲੀ ਰੁਟੀਨ ਸਾਲਾਨਾ ਸਰੀਰਕ ਕਾਰਵਾਈ ਲਈ ਸ਼ੁੱਕਰਵਾਰ ਸਵੇਰੇ ਵਾਲਟਰ ਰੀਡ ਮੈਡੀਕਲ ਸੈਂਟਰ ਗਏ। ਜਦੋਂ ਰਾਸ਼ਟਰਪਤੀ ਡਾਕਟਰੀ ਪ੍ਰਕਿਰਿਆ ਤੋਂ ਲੰਘਦਾ ਹੈ, ਜਿਸ ਲਈ ਐਨਸਥੀਸੀਆ ਦੀ ਲੋੜ ਹੁੰਦੀ ਹੈ ਤਾਂ ਉਪ ਰਾਸ਼ਟਰਪਤੀ ਲਈ ਰਾਸ਼ਟਰਪਤੀ ਦੀਆਂ ਤਾਕਤਾਂ ਹਾਸ-ਲਕਰਨਾ ਰੁਟੀਨ ਹੈ। ਉਪ ਰਾਸ਼ਟਰਪਤੀ ਡਿਕ ਚੇਨੀ ਨੇ ਕਈ ਮੌਕਿਆਂ ਉਤੇ ਅਜਿਹਾ ਕੀਤਾ ਸੀ, ਜਦੋਂ ਉਸ ਵਕਤ ਦੇ ਰਾਸ਼ਟਰਪਤੀ ਜਾਰਜ ਡਬਲਯੂ ਬੁਸ਼ ਨੇ ਰੁਟੀਨ ਕੋਲੋਨੋਸਕੋਪੀਜ਼ ਕਰਾਈਆਂ ਸਨ। ਕਮਲਾ ਹੈਰਿਸ ਨੂੰ ਅਧਿਕਾਰਤ ਤੌਰ ਉੱਤੇ ਰਾਸ਼ਟਰਪਤੀ ਦੀਆਂ ਤਾਕਤਾਂ ਦਾ ਤਬਾਦਲਾ ਕਰਨ ਲਈ, ਬਾਇਡੇਨ ਨੇ ਐਨਸਥੀਸੀਆ ਹੇਠ ਜਾਣ ਤੋਂ ਪਹਿਲਾਂ ਸਵੇਰੇ 10.10 ਉਤੇ ਸਦਨ ਦੀ ਸਪੀਕਰ ਨੈਨਸੀ ਪੇਲੋਸੀ ਅਤੇ ਵਰਮੋਂਟ ਦੇ ਡੈਮੋਕ੍ਰੇਟਿਕ ਸੇਨ ਪੈਟਰਿਕ ਲੇਹੀ, ਸੈਨੇਟ ਦੇ ਪ੍ਰੋ ਟੈਂਪੋਰ, ਨੂੰ ਪੱਤਰ ਭੇਜਿਆ।

## ਪਾਕਿਸਤਾਨ ਵਿੱਚ 10 ਸਾਲਾ ਹਿੰਦੂ ਲੜਕੇ ਨਾਲ ਬਦਫੈਲੀ ਪਿੱਛੋਂ ਕਤਲ




ਲਾਹੌਰ, 21 ਨਵੰਬਰ (ਪੋਸਟ ਬਿਊਰੋ)- ਪਾਕਿਸਤਾਨ ਦੇ ਸੂਬਾ ਸਿੰਧ ਵਿੱਚ 10 ਸਾਲਾ ਹਿੰਦੂ ਲੜਕੇ ਨਾਲ ਬਦਫੈਲੀ ਦੇ ਬਾਅਦ ਉਸ ਦੀ ਹੱਤਿਆ ਕਰ ਦਿੱਤੀ ਗਈ ਹੈ।

ਬਾਲ ਸੁਰੱਖਿਆ ਅਥਾਰਟੀ ਸੁੱਕਰ ਦੇ ਜ਼ੁਬੈਰ ਮਹਾਰ ਨੇ ਕਿਹਾ ਕਿ ਨਾਬਾਲਗ ਦੇ ਸਰੀਰ ਉੱਤੇ ਤਸ਼ੱਦਦ ਦੇ ਨਿਸ਼ਾਨ ਸਨ। ਮ੍ਰਿਤਕ ਬੱਚੇ ਦਾ ਨਾਂਅ ਕਨ੍ਹੱਈਆ ਕੁਮਾਰ ਸਚਦੇਵ ਪੁੱਤਰ ਪ੍ਰੀਤਮ ਕੁਮਾਰ ਦੱਸਿਆ ਜਾ ਰਿਹਾ ਹੈ। ਪਰਵਾਰਕ ਮੈਂਬਰਾਂ ਅਨੁਸਾਰ ਕਨ੍ਹੱਈਆ ਸ਼ੁੱਕਰਵਾਰ ਸ਼ਾਮ ਲਾਪਤਾ ਹੋਇਆ ਅਤੇ ਉਸ ਦੀ ਲਾਸ਼ ਬਾਬਰਲੋਈ ਥਾਣੇ ਦੇ ਇਲਾਕੇ ਵਿਚਲੇ ਇੱਕ ਸੁੰਨਸਾਨ ਘਰ ਵਿੱਚੋਂ ਮਿਲੀ ਸੀ।ਬੱਚੇ ਦੇ ਰਿਸ਼ਤੇਦਾਰ ਰਾਜ ਕੁਮਾਰ ਨੇ ਦੱਸਿਆ ਕਿ ਮ੍ਰਿਤਕ ਦਾ ਪੂਰਾ ਪਰਵਾਰ ਗੁਰਪੁਰਬ ਦੇ ਸਮਾਗਮਾਂ ਵਿੱਚ ਰੁੱਝਾ ਹੋਇਆ ਸੀ ਅਤੇ ਉਨ੍ਹਾਂ ਨੂੰ ਨਹੀਂ ਪਤਾ ਕਿ ਬੱਚਾ ਕਿਵੇਂ ਲਾਪਤਾ ਹੋ ਗਿਆ। ਕਨ੍ਹੱਈਆ ਕੁਮਾਰ ਪੰਜਵੀਂ ਜਮਾਤ ਦਾ ਵਿਦਿਆਰਥੀ ਸੀ। ਬਾਬਰਲੋਈ ਥਾਣੇ ਦੇ ਮੁਖੀ ਨੇ ਦੱਸਿਆ ਕਿ ਇਸ ਕੇਸ ਵਿੱਚ ਦੋ ਦੋਸ਼ੀਆਂ ਇਨਾਮ ਸ਼ਾਹ ਤੇ ਮੁਦਾਸਿਰ ਮਗਨਹਾਰ ਨੂੰ ਗ੍ਰਿਫਤਾਰ ਕੀਤਾ ਗਿਆ ਹੈ, ਜਿਨ੍ਹਾਂ ਨੇ ਬੱਚੇ ਨਾਲ ਬਦਫੈਲੀ ਕਰਨ ਪਿੱਛੋਂ ਉਸ ਦਾ ਗਲਾ ਘੁੱਟ ਕੇ ਹੱਤਿਆ ਕਰ ਦਿੱਤੀ ਸੀ। ਦੋ ਦੋਸ਼ੀਆਂ ਵਿੱਚੋਂ ਇੱਕ ਨੇ ਅਪਰਾਧ ਕਬੂਲ ਕਰ ਲਿਆ ਹੈ। ਜ਼ੁਬੈਰ ਮਹਾਰ ਨੇ ਦੱਸਿਆ ਕਿ ਪਿਛਲੇ ਕੁਝ ਹਫਤਿਆਂ ਵਿੱਚ ਵਾਪਰੀ ਅਜਿਹੀ ਦੂਜੀ ਘਟਨਾ ਹੈ ਅਤੇ ਕੁਝ ਦਿਨ ਪਹਿਲਾਂ ਸੱਖਰ ਜ਼ਿਲ੍ਹੇ ਦੇ ਸਲੇਹ ਪਟ ਵਿੱਚ ਹਿੰਦੂ ਭਾਈਚਾਰੇ ਦੀ ਇੱਕ ਨਾਬਾਲਗ ਲੜਕੀ ਲਾਪਤਾ ਹੋ ਗਈ ਸੀ। ਪੁਲਸ ਨੇ ਉਸ ਦੀ ਬਰਾਮਦਗੀ ਲਈ 25 ਲੱਖ ਰੁਪਏ ਦੇ ਇਨਾਮ ਦਾ ਐਲਾਨ ਵੀ ਕੀਤਾ ਹੈ, ਪਰ ਅਜੇ ਤਕ ਪੁਲਸ ਨੂੰ ਕੋਈ ਸਫਲਤਾ ਨਹੀਂ ਮਿਲੀ।

## ਹਿਜ਼ਬੁਲ ਦਾ 7 ਲੱਖ ਦੇ ਇਨਾਮ ਵਾਲਾ ਅੱਤਵਾਦੀ ਕਮਾਂਡਰ ਮਾਰਿਆ

ਸ੍ਰੀਨਗਰ, 21 ਨਵੰਬਰ (ਪੋਸਟ ਬਿਊਰੋ)- ਅੱਤਵਾਦ ਦੇ ਖਿਲਾਫ ਮੁਹਿੰਮ ਵਿੱਚ ਸੁਰੱਖਿਆ ਦਸਤਿਆਂ ਨੂੰ ਵੱਡੀ ਸਫਲਤਾ ਮਿਲੀ ਅਤੇਉਨ੍ਹਾਂ ਨੇਕੁਲਗਾਮ ਜ਼ਿਲ੍ਹੇ ਵਿੱਚ ਕੱਲ੍ਹ ਮੁਕਾਬਲੇ ਵਿੱਚ ਹਿਜ਼ਬੁਲ ਮੁਜਾਹਦੀਨ ਦੇ ਆਪੇ ਬਣੇ ਜ਼ਿਲ੍ਹਾ ਕਮਾਂਡਰ ਮੁਦੱਸਰ ਅਹਿਮਦ ਵਾਗੇ ਨੂੰ ਮਾਰ ਦਿੱਤਾ ਹੈ। ਉਸ ਉੱਤੇ7 ਲੱਖ ਰੁਪਏ ਇਨਾਮ ਸੀ। ਇਸ ਮੁਕਾਬਲੇ ਦੌਰਾਨ ਅੱਤਵਾਦੀਆਂ ਨੂੰ ਭਜਾਉਣ ਲਈ ਕੁਝ ਸ਼ਰਾਰਤੀ ਅਨਸਰਾਂ ਨੇ ਭੜਕਾਊ ਨਾਅਰੇਬਾਜ਼ੀ ਕਰ ਕੇ ਸੁਰੱਖਿਆ ਦਸਤਿਆਂ ਉੱਤੇ ਪਥਰਾਅ ਕੀਤਾ, ਪਰ ਸੁਰੱਖਿਆ ਬਲਾਂ ਨੇ ਉਨ੍ਹਾਂ ਨੂੰ ਓਥੋਂ ਭਜਾ ਦਿੱਤਾ।ਪੁਲਸ ਨੂੰ ਸੂਚਨਾ ਮਿਲੀ ਸੀ ਕਿ ਅਸ਼ਮੁਜੀ ਵਿੱਚ ਦੋ-ਤਿੰਨ ਅੱਤਵਾਦੀ ਇੱਕ ਮਕਾਨ ਵਿੱਚ ਲੁਕੇ ਹਨ। ਜਵਾਨਾਂ ਨੂੰ ਦੇਖ ਕੇ ਅੱਤਵਾਦੀਆਂ ਨੇ ਫਾਇਰਿੰਗ ਕਰ ਦਿੱਤੀ। ਜਦੋਂ ਅੱਤਵਾਦੀਆਂ ਨੂੰ ਸਰੰਡਰ ਲਈ ਵੀ ਕਿਹਾ ਅਤੇ ਇੱਕ ਅੱਤਵਾਦੀ ਦੇ ਪਰਵਾਰਕ ਮੈਂਬਰ ਨੂੰ ਵੀ ਬੁਲਾਇਆ ਤਾਂ ਅੱਤਵਾਦੀ ਨਹੀਂ ਮੰਨੇ। ਅੱਤਵਾਦੀ ਜਿਸ ਮਕਾਨ ਵਿੱਚ ਲੁਕੇ ਸਨ, ਉਥੇ ਨੇੜੇ ਇੱਕ ਵਿਦਿਅਕ ਸੰਸਥਾ ਵਿੱਚ ਕਰੀਬ ਵੀਹ ਵਿਦਿਆਰਥੀ ਸਨ। ਉਨ੍ਹਾਂ ਨੂੰ ਸੁਰੱਖਿਆ ਬਲਾਂ ਨੇ ਅੱਤਵਾਦੀਆਂ ਦੀ ਫਾਇਰਿੰਗ ਵਿਚਾਲੇ ਸੁਰੱਖਿਅਤ ਜਗ੍ਹਾ ਪਹੁੰਚਾਇਆ ਅਤੇ60 ਹੋਰਨਾਂ ਲੋਕਾਂ ਨੂੰ ਵੀ ਕੱਢਿਆ ਗਿਆ। ਪੁਲਸ ਅਨੁਸਾਰ ਮੁਕਾਬਲਾ ਸ਼ੁਰੂ ਹੋਣ ਦੇ ਲਗਭਗ 15 ਮਿੰਟਾਂ ਵਿੱਚ ਅੱਤਵਾਦੀ ਕਮਾਂਡਰ ਮੁਦੱਸਰ ਨੂੰ ਮਾਰ ਦਿੱਤਾ ਗਿਆ।

2018 ਵਿੱਚ ਅੱਤਵਾਦੀ ਬਣੇ ਮੁਦੱਸਰ ਨੂੰ ਹਿਜ਼ਬੁਲ ਨੇ ਅਜੇ ਕੁਝ ਦਿਨ ਪਹਿਲਾਂ ਕੁਲਗਾਮ ਜ਼ਿਲ੍ਹੇ ਦਾ ਕਮਾਂਡਰ ਬਣਾਇਆ ਸੀ। ਏ ਸ਼੍ਰੇਣੀ ਦੇ ਅੱਤਵਾਦੀ ਮੁਦੱਸਰ ਉੱਤੇ ਸੱਤ ਲੱਖ ਰੁਪਏ ਦਾ ਇਨਾਮ ਸੀ। ਮੁਦੱਸਰ ਕਈ ਵਾਰਦਾਤਾਂ ਵਿੱਚ ਲੋੜੀਂਦਾ ਸੀ। ਉਸ ਨੇ ਦੇਵਸਰ ਵਿੱਚ ਰਾਜਨੀਤਕ ਵਰਕਰ ਗੁਲਾਮ ਹਸਨ ਲੋਨ ਦੀ ਹੱਤਿਆ ਕੀਤੀ ਸੀ। ਉਸ ਤੋਂ ਮਿਲੀ ਰਾਈਫਲ ਅੱਤਵਾਦੀਆਂ ਨੇ 2017 ਵਿੱਚ ਪੋਂਬੇ ਵਿੱਚ ਜੰਮੂ-ਕਸ਼ਮੀਰ ਬੈਂਕ ਦੀ ਗੱਡੀ ਉੱਤੇ ਹਮਲਾ ਸਮੇਂ ਸੁਰੱਖਿਆ ਦਸਤਿਆਂ ਤੋਂ ਲੁੱਟੀ ਸੀ। ਉਸ ਹਮਲੇ ਵਿੱਚ ਪੰਜ ਪੁਲਸ ਵਾਲੇ ਅਤੇ ਬੈਂਕ ਦੇ ਦੋ ਸੁਰੱਖਿਆ ਗਾਰਡ ਸ਼ਹੀਦ ਹੋਏ ਸਨ।

## ਫਰਜ਼ੀ ਐਕਸੀਡੈਂਟ ਦੇ ਕੇਸ ਕਰਦੇ ਵਕੀਲਾਂ ਦੇ ਵਿਰੁੱਧ ਸੁਪਰੀਮ ਕੋਰਟ ਸਖਤ



ਨਵੀਂ ਦਿੱਲੀ, 21 ਨਵੰਬਰ (ਪੋਸਟ ਬਿਊਰੋ)- ਸੁਪਰੀਮ ਕੋਰਟ ਨੇ ਫਰਜ਼ੀ ਦੁਰਘਟਨਾ ਦਾਅਵਾ ਪਟੀਸ਼ਨਾਂ ਕਰਨ ਦੇ ਦੋਸ਼ ਵਿੱਚ ਜਾਂਚ ਕਰ ਰਹੀ ਵਿਸ਼ੇਸ਼ ਜਾਂਚ ਟੀਮ (ਐਸ ਆਈ ਟੀ) ਨੂੰ ਹੁਕਮ ਦਿੱਤਾ ਹੈ ਕਿ ਉਹ ਪਟੀਸ਼ਨਾਂ ਕਰਨ ਵਿੱਚ ਸ਼ਾਮਲ ਉਨ੍ਹਾਂ ਵਕੀਲਾਂ ਦੇ ਨਾਵਾਂ ਦੀ ਸੂਚੀ, ਜਿਨ੍ਹਾਂ ਖਿਲਾਫ ਕੇਸ ਦਰਜ ਜਾਂ ਦੋਸ਼ ਪੱਤਰ ਦਾਖਲ ਹੋ ਚੁੱਕੇ ਹਨ, ਬਾਰ ਕੌਂਸਲ ਆਫ ਇੰਡੀਆ (ਬੀ ਸੀ ਆਈ) ਨੂੰ ਦੇਣ, ਤਾਂ ਕਿ ਉਨ੍ਹਾਂ ਉੱਤੇ ਅਨੁਸ਼ਾਸਨੀ ਕਾਰਵਾਈ ਕੀਤੀ ਜਾ ਸਕੇ। ਇਸ ਦੇ ਇਲਾਵਾ ਕੋਰਟ ਨੇ ਸੁਣਵਾਈ ਦੌਰਾਨ ਬਾਰ ਕੌਂਸਲ ਆਫ ਉਤਰ ਪ੍ਰਦੇਸ਼ ਵੱਲੋਂ ਕਿਸੇ ਦੇ ਪੇਸ਼ ਨਾ ਹੋਣ ਉੱਤੇ ਨਾਰਾਜ਼ਗੀ ਜ਼ਾਹਰ ਕਰਦੇ ਹੋਏ ਕਿਹਾ ਕਿ ਉਤਰ ਪ੍ਰਦੇਸ਼ ਬਾਰ ਕੌਂਸਲ ਮਾਮਲੇ ਉੱਤੇ ਜ਼ਰਾ ਵੀ ਗੰਭੀਰ ਨਹੀਂ ਹੈ।

ਬੀਤੇ ਦਿਨੀਂ ਸੁਣਵਾਈ ਦੌਰਾਨ ਸੁਪਰੀਮ ਕੋਰਟ ਨੇ ਕਿਹਾ ਕਿ ਫਰਜ਼ੀ ਦਾਅਵੇ ਕਰਨਾ ਗੰਭੀਰ ਕੇਸ ਹੈ। ਇਸ ਤੋਂ ਸੰਸਥਾ ਦੀ ਭਰੋਸੇਯੋਗਤਾ ਪ੍ਰਭਾਵਤ ਹੁੰਦੀ ਹੈ। ਕਾਨੂੰਨੀ ਪੇਸ਼ੇ ਨੂੰ ਹਮੇਸ਼ਾ ਤੋਂ ਆਦਰਸ਼ ਪੇਸ਼ਾ ਮੰਨਿਆ ਗਿਆ ਹੈ। ਇਸ ਤਰ੍ਹਾਂ ਕੋਰਟ ਵਿੱਚ ਫਰਜ਼ੀ ਦੁਰਘਟਨਾ ਦਾਅਵੇ ਕਰਨ ਨੂੰ ਬਰਦਾਸ਼ਤ ਨਹੀਂ ਕੀਤਾ ਜਾ ਸਕਦਾ। ਕੋਰਟ ਨੇ ਉਤਰ ਪ੍ਰਦੇਸ਼ ਬਾਰ ਕੌਂਸਲ ਦੇ ਪ੍ਰਧਾਨ ਅਤੇ ਸੈਕਟਰੀ ਨੂੰ ਅਗਲੀ ਸੁਣਵਾਈ ਉੱਤੇ ਅੱਠ ਸਤੰਬਰ ਨੂੰ ਪੇਸ਼ ਹੋ ਕੇ ਸੁਣਵਾਈ ਵਿੱਚ ਮੱਦਦ ਕਰਨ ਦਾ ਹੁਕਮ ਦਿੱਤਾ ਹੈ ਅਤੇ ਮਾਮਲੇ ਦੀ ਢਿੱਲੀ ਰਫਤਾਰ ਦੀ ਜਾਂਚ ਉੱਤੇ ਵੀ ਨਾਰਾਜ਼ਗੀ ਪ੍ਰਗਟਾਈ। ਕੋਰਟ ਨੇ ਐਸ ਆਈ ਟੀ ਦੇ ਜਾਂਚ ਅਧਿਕਾਰੀ ਨੂੰ ਵੀ ਅਗਲੀ ਸੁਣਵਾਈ ਉੱਤੇ ਮੌਜੂਦ ਰਹਿਣ ਦਾ ਹੁਕਮ ਦਿੱਤਾ ਹੈ।

ਇਹ ਹੁਕਮ ਜਸਟਿਸ ਐਮ ਆਰ ਸ਼ਾਹ ਅਤੇ ਸੰਜੀਵ ਖੰਨਾ ਦੀ ਬੈਂਚ ਨੇ ਬੀਤੀ 16 ਨਵੰਬਰ ਨੂੰ ਦਿੱਤੇ ਅਤੇ ਐਸ ਆਈ ਟੀ ਨੂੰ ਹੁਕਮ ਦਿੱਤਾ ਕਿ ਉਹ ਤਿੰਨ ਦਿਨ ਦੇ ਅੰਦਰ ਕੇਸ ਵਿੱਚ ਦੋਸ਼ੀ ਵਕੀਲਾਂ ਦੀ ਸੂਚੀ ਬੀ ਸੀ ਆਈ ਦੇ ਵਕੀਲ ਨੂੰ ਦੇ ਦੇਣ।ਜਾਂਚ ਕਰ ਰਹੀ ਐਸ ਆਈ ਟੀ ਨੇ ਸੁਪਰੀਮ ਕੋਰਟ ਵਿੱਚ ਸਟੇਟਸ ਰਿਪੋਰਟ ਦੇ ਕੇ ਦੱਸਿਆ ਕਿ ਵੱਖ-ਵੱਖ ਜ਼ਿਲ੍ਹਿਆਂ ਵਿੱਚ ਕੁੱਲ 92 ਕੇਸ ਦਰਜ ਹਨ, ਜਿਨ੍ਹਾਂ ਵਿੱਚੋਂ 55 ਕੇਸਾਂ ਵਿੱਚ 28 ਵਕੀਲ ਦੋਸ਼ੀ ਵਜੋਂ ਨਾਮਜ਼ਦ ਹਨ। 32 ਕੇਸਾਂ ਦੀ ਜਾਂਚ ਹੋ ਕੇ ਦੋਸ਼ ਪੱਤਰ ਦਾਖਲ ਕੀਤਾ ਗਿਆ ਹੈ। ਬਾਕੀ ਕੇਸਾਂ ਵਿੱਚ ਅਜੇ ਜਾਂਚ ਚੱਲ ਰਹੀ ਹੈ। ਬੀਮਾ ਕੰਪਨੀਆਂ ਦੇ ਕੁੱਲ 233 ਦਾਅਵਿਆਂ ਵਿੱਚ 300 ਕਰੋੜ ਰੁਪਏ ਮੰਗੇ ਗਏ ਸਨ, ਜਿਨ੍ਹਾਂ ਨੂੰ ਟ੍ਰਿਬਿਊਨਲ ਨੇ ਰੱਦ ਕਰ ਦਿੱਤਾ।

## ਵਰੁਣ ਗਾਂਧੀ ਨੇ ਕਿਸਾਨਾਂ ਦੀ ਐਮ ਐਸ ਪੀ ਵਾਲੀ ਮੰਗ ਮੰਨਣ ਦੀ ਮੰਗ ਚੁੱਕੀ




ਨਵੀਂ ਦਿੱਲੀ, 21 ਨਵੰਬਰ (ਪੋਸਟ ਬਿਊਰੋ)- ਭਾਜਪਾ ਦੇਪਾਰਲੀਮੈਂਟ ਮੈਂਬਰ ਵਰੁਣ ਗਾਂਧੀ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਅਪੀਲ ਕੀਤੀ ਹੈ ਕਿ ਉਹ ਫਸਲਾਂ ਉੱਤੇ ਘੱਟੋ-ਘੱਟ ਸਮਰਥਨ ਮੁੱਲ ਦੇਣ ਦੀ ਕਿਸਾਨਾਂ ਦੀ ਮੰਗ ਵੀ ਮੰਨ ਲੈਣ। ਉਨ੍ਹਾਂ ਇਹ ਵੀ ਮੰਗ ਕੀਤੀ ਕਿ ਲਖੀਮਪੁਰ ਖੀਰੀ ਕਤਲ ਕਾਂਡ ਦੇ ਦੋਸ਼ੀ ਕੇਂਦਰੀ ਗ੍ਰਹਿ ਰਾਜ ਮੰਤਰੀ ਅਜੈ ਮਿਸ਼ਰਾ ਖਿਲਾਫ ਕਾਰਵਾਈ ਕੀਤੀ ਜਾਵੇ ਅਤੇ ਕਿਸਾਨ ਪਰਵਾਰਾਂ ਨੂੰ ਨਿਆਂ ਯਕੀਨੀ ਬਣਾਇਆ ਜਾਵੇ।

ਪ੍ਰਧਾਨ ਮੰਤਰੀ ਨੂੰ ਲਿਖੀ ਚਿੱਠੀ ਵਿੱਚ ਪੀਲੀਭੀਤ ਤੋਂ ਪਾਰਲੀਮੈਂਟ ਮੈਂਬਰ ਵਰੁਣ ਗਾਂਧੀ ਨੇ ਕਿਹਾ ਕਿ ਕਿਸਾਨਾਂ ਦੀ ਇਹ ਮੰਗਜਦੋਂ ਤਕ ਮੰਨ ਨਹੀਂ ਜਾਂਦੀ, ਉਦੋਂ ਤਕ ਅੰਦੋਲਨ ਖਤਮ ਨਹੀਂ ਹੋਵੇਗਾ। ਵਰੁਣ ਗਾਂਧੀ ਨੇ ਤਿੰਨ ਖੇਤੀ ਕਾਨੂੰਨ ਵਾਪਸ ਲਏ ਜਾਣ ਦੇ ਫੈਸਲੇ ਨੂੰ ਮੋਦੀ ਦੀ 'ਦਰਿਆਦਿਲੀ' ਕਰਾਰ ਦੇ ਕੇ ਉਨ੍ਹਾਂ ਦਾ ਧੰਨਵਾਦ ਕੀਤਾ, ਪਰ ਨਾਲ ਕਿਹਾ ਕਿ ਅੰਦੋਲਨ ਦੌਰਾਨ ਸੱਤ ਸੌ ਤੋਂ ਵੱਧ ਕਿਸਾਨ ਸ਼ਹੀਦ ਹੋਏ ਹਨ, ਜਿਨ੍ਹਾਂ ਬਹੁਤ ਮੁਸ਼ਕਲ ਹਾਲਾਤ ਵਿੱਚ ਸ਼ਾਂਤਮਈ ਅੰਦੋਲਨ ਕੀਤਾ ਹੈ। ਜੇ ਇਹ ਫੈਸਲਾ ਪਹਿਲਾਂ ਲੈ ਲਿਆ ਜਾਂਦਾ ਤਾਂ ਬੇਕਸੂਰ ਜਾਨਾਂ ਬਚ ਜਾਂਦੀਆਂ। ਉਨ੍ਹਾਂ 'ਸ਼ਹੀਦ' ਹੋਏ ਕਿਸਾਨਾਂ ਨੂੰ ਇੱਕ-ਇੱਕ ਕਰੋੜ ਰੁਪਏ ਮੁਆਵਜ਼ਾ ਦੇਣ ਦੀ ਮੰਗ ਦੇ ਨਾਲ ਕਿਸਾਨਾਂ ਉੱਤੇ ਦਰਜ ਕੇਸ ਰੱਦ ਕਰਨ ਲਈ ਕਿਹਾ ਹੈ।

ਟਵਿੱਟਰ ਉੱਤੇਜਾਰੀ ਕੀਤੀ ਚਿੱਠੀ ਵਿੱਚ ਭਾਜਪਾ ਐੱਮ ਪੀ ਵਰੁਣ ਗਾਂਧੀ ਨੇ ਕਿਹਾ ਕਿ ਐਮ ਐਸ ਪੀ ਨੂੰ ਕਾਨੂੰਨੀ ਰੂਪ ਦੇ ਦਿੱਤਾ ਜਾਵੇ ਤਾਂ ਕਿਸਾਨਾਂ ਨੂੰ ਵੱਡੀ ਗਿਣਤੀ ਵਿੱਚ ਆਰਥਿਕ ਸੁਰੱਖਿਆ ਮਿਲ ਜਾਵੇਗੀ ਅਤੇ ਛੋਟੇ ਤੇ ਦਰਮਿਆਨੇ ਕਿਸਾਨ ਮਜ਼ਬੂਤ ਹੋਣਗੇ। ਉਨ੍ਹਾਂ ਕਿਹਾ ਕਿ ਸਰਕਾਰ ਦੇਸ਼ ਹਿੱਤ ਵਿੱਚ ਕਿਸਾਨਾਂ ਦੀ ਇਹ ਮੰਗ ਤੁਰੰਤ ਮੰਨੇ। ਉਨ੍ਹਾਂ ਕਿਹਾ ਕਿ ਐਮ ਐਸ ਪੀ ਖੇਤੀ ਲਾਗਤਾਂ ਅਤੇ ਕੀਮਤਾਂ ਬਾਰੇ ਕਮਿਸ਼ਨ ਦੇ ਫਾਰਮੂਲੇ ਉੱਤੇ ਆਧਾਰਤ ਹੋਵੇ।

ਲਖੀਮਪੁਰ ਖੀਰੀ ਵਿੱਚ ਕਿਸਾਨਾਂ ਨੂੰ ਵਾਹਨ ਹੇਠ ਕੁਚਲਣ ਦੀ ਨਿਖੇਧੀ ਕਰਦਿਆਂ ਉਨ੍ਹਾਂ ਕਿਹਾ ਕਿ ਇਹ ਮੁਲਕ ਦੀ ਜਮਹੂਰੀਅਤ ਉੱਤੇ ਧੱਬਾ ਹੈ। ਉਨ੍ਹਾਂ ਇਸ ਕਾਂਡ ਨਾਲ ਜੁੜੇ ਕੇਂਦਰੀ ਗ੍ਰਹਿ ਰਾਜ ਮੰਤਰੀ ਅਜੈ ਮਿਸ਼ਰਾ ਦੇ ਖਿਲਾਫ ਢੁੱਕਵੀਂ ਕਾਰਵਾਈ ਕਰਨ ਦੀ ਬੇਨਤੀ ਕੀਤੀ ਹੈ।




### ਆਰੀਅਨ ਖਾਨ ਨੂੰ ਵੱਡੀ ਰਾਹਤ

## ਅਦਾਲਤ ਨੇ ਕਿਹਾ: ਅਪਰਾਧਕ ਸਾਜ਼ਿਸ਼ ਦਾ ਕੋਈ ਸਬੂਤ ਨਹੀਂ



ਮੁੰਬਈ, 21 ਨਵੰਬਰ (ਪੋਸਟ ਬਿਊਰੋ)- ਫਿਲਮ ਸਟਾਰ ਸ਼ਾਹਰੁਖ ਖਾਨ ਦੇ ਪੁੱਤਰ ਆਰੀਅਨ ਖਾਨ ਨੂੰ ਵੱਡੀ ਰਾਹਤ ਮਿਲੀ ਹੈ। ਬੰਬੇ ਹਾਈ ਕੋਰਟ ਨੇ ਮੁੰਬਈ ਵਿੱਚ ਕਰੂਜ਼ ਤੇ ਨਸ਼ੀਲੀਆਂ ਵਸਤਾਂ ਦੀ ਬਰਾਮਦਗੀ ਦੇ ਮਾਮਲੇ ਵਿੱਚ ਆਰੀਅਨ ਖਾਨ ਤੇ ਦੋ ਹੋਰਨਾਂ ਨੂੰ ਜ਼ਮਾਨਤ ਦੇਣ ਦੇ ਹੁਕਮ ਵਿੱਚ ਕਿਹਾ ਹੈ ਕਿ ਪਹਿਲੀ ਨਜ਼ਰਵਿੱਚ ਉਸ ਨੂੰ ਇਨ੍ਹਾ ਵਿਰੁੱਧ ਅਜਿਹੇ ਕੋਈ ਠੋਸ ਸਬੂਤ ਨਹੀਂ ਮਿਲੇ, ਜੋ ਦੱਸਦੇ ਹੋਣ ਕਿ ਉਨ੍ਹਾਂ ਨੇ ਅਪਰਾਧੀ ਸਾਜ਼ਿਸ਼ ਰਚੀ ਸੀ। ਹੁਕਮ ਵਿੱਚ ਇਹ ਵੀ ਕਿਹਾ ਗਿਆ ਸੀ ਕਿ ਆਰੀਅਨ ਖਾਨ ਤੋਂ ਕੋਈ ਇਤਰਾਜ਼ਯੋਗ ਵਸਤੂ ਨਹੀਂ ਮਿਲੀ। ਮਰਚੈਂਟ ਤੇ ਧਮੇਚਾ ਕੋਲੋਂਮਿਲੀਆਂ ਗੈਰ ਕਾਨੂੰਨੀ ਨਸ਼ੀਲੀਆਂ ਵਸਤਾਂ ਦੀ ਮਾਤਰਾ ਬਹੁਤ ਘੱਟ ਸੀ। ਇਹ ਆਰੀਅਨ ਖਾਨ ਲਈ ਵੱਡੀ ਰਾਹਤ ਹੈ।

ਹਾਈ ਕੋਰਟ ਦੇ ਜਸਟਿਸ ਐਨ ਡਬਲਯੂ ਸਾਂਬਰੇ ਦੇ ਸਿੰਗਲ ਬੈਂਚ ਨੇ 28 ਅਕਤੂਬਰ ਨੂੰ ਆਰੀਅਨ ਖਾਨ, ਉਸ ਦੇ ਦੋਸਤ ਅਰਬਾਜ਼ ਮਰਚੈਂਟ ਤੇ ਮਾਡਲ ਮੁਨਮੁਨ ਧਮੇਚਾ ਨੂੰ ਇੱਕ-ਇੱਕ ਲੱਖ ਰੁਪਏ ਦੇ ਮੁਚਲਕੇ ਉੱਤੇ ਜ਼ਮਾਨਤ ਦੇ ਦਿੱਤੀ ਸੀ। ਹੁਕਮ ਦੀ ਕਾਪੀ ਕੱਲ੍ਹ ਮਿਲੀ ਹੈ। ਅਦਾਲਤ ਨੇ ਕਿਹਾ ਕਿ ਆਰੀਅਨ ਖਾਨ ਦੇ ਮੋਬਾਈਲ ਫੋਨ ਵਿਚਲੇ ਵਾਟਸਐਪ ਚੈਟ ਤੋਂ ਪਤਾ ਲੱਗਦਾ ਹੈ ਕਿ ਕੁਝ ਵੀ ਇਤਰਾਜ਼ਯੋਗ ਨਹੀਂ ਮਿਲਿਆ, ਜੋ ਦੱਸਦਾ ਹੋਵੇ ਕਿ ਉਸ ਨੇ, ਮਰਚੈਂਟ ਅਤੇ ਧਮੇਚਾ ਦੇ ਨਾਲ ਹੀ ਹੋਰਨਾਂ ਮੁਲਜ਼ਮਾਂ ਨਾਲ ਅਪਰਾਧ ਕਰਨ ਦੀ ਸਾਜ਼ਿਸ਼ ਰਚੀ ਹੋਈ ਹੋਵੇ।ਹੁਕਮ ਵਿੱਚ ਇਹ ਵੀ ਕਿਹਾ ਗਿਆ ਹੈ ਕਿ ਐਨ ਡੀ ਪੀ ਐਸ ਐਕਟ ਦੀ ਧਾਰਾ 67 ਅਧੀਨ ਐਨ ਸੀ ਬੀ ਨੇ ਆਰੀਅਨ ਖਾਨ ਦਾ ਜੋ ਬਿਆਨ ਦਰਜ ਕੀਤਾ ਹੈ, ਉਸ ਉੱਤੇ ਸਿਰਫ ਜਾਂਚ ਲਈ ਵਿਚਾਰ ਕੀਤਾ ਜਾ ਸਕਦਾ ਹੈ, ਉਸ ਦੀ ਵਰਤੋਂ ਇਹ ਸਿੱਟਾ ਕੱਢਣ ਲਈ ਹਥਿਆਰ ਵਜੋਂ ਨਹੀਂ ਕੀਤੀ ਜਾ ਸਕਦੀ ਕਿ ਉਸ ਨੇ ਐਨ ਡੀ ਪੀ ਐਸ ਐਕਟ ਹੇਠ ਅਪਰਾਧ ਕੀਤਾ ਹੈ। 14 ਪੰਨਿਆਂ ਦੇ ਹੁਕਮ ਮੁਤਾਬਕ ਏਦਾਂ ਦਾ ਕੋਈ ਟੋਸ ਸਬੂਤ ਰਿਕਾਰਡ ਵਿੱਚ ਨਹੀਂ, ਜੋ ਅਦਾਲਤ ਨੂੰ ਇਸ ਗੱਲ ਲਈ ਸਹਿਮਤ ਕਰ ਸਕੇ ਕਿ ਬਰਾਬਰ ਇਰਾਦੇ ਵਾਲੇ ਸਭ ਮੁਲਜ਼ਮ ਗੈਰ-ਕਾਨੂੰਨੀ ਕੰਮ ਕਰਨ ਲਈ ਰਾਜ਼ੀ ਹੋ ਗਏ।ਅਦਾਲਤ ਨੇ ਕਿਹਾ ਕਿ ਸਿਰਫ ਇਸ ਲਈ ਕਿ ਉਕਤ ਵਿਅਕਤੀ ਕਰੂਜ਼ ਉੱਤੇ ਯਾਤਰਾ ਕਰ ਰਹੇ ਸਨ, ਐਨ ਡੀ ਪੀ ਐਸ ਐਕਟ ਦੀ ਧਾਰਾ 29 ਲਾਉਣ ਨੂੰ ਤਸੱਲੀਬਖਸ਼ ਨਹੀਂ ਕਿਹਾ ਜਾ ਸਕਦਾ। ਜੱਜ ਨੇ ਕਿਹਾ ਕਿ ਜੇ ਇਸਤਗਾਸਾ ਦੇ ਮਾਮਲੇ ਉੱਤੇ ਵਿਚਾਰ ਕੀਤਾ ਜਾਵੇ ਤਾਂ ਵੀ ਏਦਾਂ ਦੇ ਅਪਰਾਧ ਵਿੱਚ ਸਜ਼ਾ ਇੱਕ ਸਾਲ ਤੋਂ ਵੱਧ ਨਹੀਂ ਮਿਲ ਸਕਦੀ।

## ਈ ਡੀ ਦੀ ਕਾਰਵਾਈ ਉਤੇ ਰੋਕ ਲਈ ਮੇਹੁਲ ਚੋਕਸੀ ਵੱਲੋਂ ਹਾਈ ਕੋਰਟ ਵਿੱਚ ਪਹੁੰਚ

ਮੁੰਬਈ, 21 ਨਵੰਬਰ (ਪੋਸਟ ਬਿਊਰੋ)- ਪੰਜਾਬ ਨੈਸ਼ਨਲ ਬੈਂਕ ਧੋਖਾਧੜੀ ਕੇਸ ਵਿੱਚ ਦੋਸ਼ੀ ਕਾਰੋਬਾਰੀ ਮੇਹੁਲ ਚੋਕਸੀ ਨੇ ਇਨਫੋਰਸਮੈਂਟ ਡਾਇਰੈਕਟੋਰੇਟ (ਈ ਡੀ) ਵੱਲੋਂ ਉਸ ਨੂੰ ਭਗੌੜਾ ਆਰਥਿਕ ਅਪਰਾਧੀ ਐਲਾਨਣ ਦੀ ਕਾਰਵਾਈ ਰੋਕਣ ਦੇ ਲਈ ਬੰਬੇ ਹਾਈ ਕੋਰਟ ਤੱਕ ਪਹੁੰਚ ਕੀਤੀ ਹੈ। ਚੋਕਸੀ ਉੱਤੇ ਪੰਜਾਬ ਨੈਸ਼ਨਲ ਬੈਂਕ ਨਾਲ 14500 ਕਰੋੜ ਰੁਪਏ ਦੀ ਧੋਖਾ ਕਰਨ ਦਾ ਦੋਸ਼ ਹੈ। ਉਸ ਨੇ ਸੀਨੀਅਰ ਵਕੀਲ ਵਿਜੇ ਅਗਰਵਾਲ ਕੋਰਟ ਦਾ ਦਰ ਖੜਕਾਇਆ ਹੈ।

ਈ ਡੀ ਨੇ 2019 ਵਿੱਚ ਪੀ ਐਮ ਐਲ ਏ ਅਦਾਲਤ ਨੂੰ ਅਰਜ਼ੀ ਦੇ ਕੇ ਮੇਹੁਲ ਚੋਕਸੀ ਨੂੰ ਐਕਟ 2018 ਹੇਠ ਭਗੌੜਾ ਆਰਥਿਕ ਅਪਰਾਧੀ ਐਲਾਨਣ ਦੀ ਬੇਨਤੀ ਕੀਤੀ ਸੀ। ਕਾਨੂੰਨ ਮੁਤਾਬਕ ਜੇ ਕਿਸੇ ਵਿਅਕਤੀ ਖਿਲਾਫ 100 ਕਰੋੜ ਰੁਪਏ ਜਾਂ ਇਸ ਤੋਂ ਵੱਧ ਦੇ ਅਪਰਾਧਦਾ ਵਾਰੰਟ ਜਾਰੀ ਹੈ ਅਤੇ ਉਹ ਦੇਸ਼ ਛੱਡ ਚੁੱਕਾ ਹੈ ਤੇ ਵਾਪਸ ਪਰਤਣ ਤੋਂ ਇਨਕਾਰ ਕਰਦਾ ਹੈ ਤਾਂ ਉਸ ਨੂੰ ਭਗੌੜਾ ਆਰਥਿਕ ਅਪਰਾਧੀ ਐਲਾਨਿਆ ਜਾ ਸਕਦਾ ਹੈ।

## ਕਾਬੁਲ ਦੇ ਗੁਰੂ ਘਰ ਦਾ ਮੁੱਖ ਗ੍ਰੰਥੀ ਸੁਰੱਖਿਅਤ ਭਾਰਤ ਲਿਆਂਦਾ

ਨਵੀਂ ਦਿੱਲੀ, 21 ਨਵੰਬਰ (ਪੋਸਟ ਬਿਊਰੋ)- ਇੰਡੀਅਨ ਵਰਲਡ ਫੋਰਮ ਨੇ ਕੇਂਦਰ ਸਰਕਾਰ ਦੇ ਤਾਲਮੇਲ ਅਤੇ ਸੋਬਤੀ ਫਾਊਂਡੇਸ਼ਨ ਦੀ ਮਦਦ ਨਾਲ ਗੁਰਦੁਆਰਾਕਰਤੇ ਪਰਵਾਨ ਕਾਬੁਲ ਦੇ ਮੁੱਖ ਗ੍ਰੰਥੀ ਸਤਵੀਰ ਸਿੰਘ ਨੂੰ ਭਾਰਤ ਲਿਆਂਦਾ ਹੈ। ਗੁਰਦੁਆਰਾ ਖਾਲੀ ਕਰਾਉਣ ਦਾ ਕੰਮ ਸ਼ੁੱਕਰਵਾਰ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਦੇ 552ਵੇਂ ਪ੍ਰਕਾਸ਼ ਪੁਰਬ ਮੌਕੇ ਹੋਇਆ ਅਤੇ ਕਈ ਹੋਰ ਕੰਮ ਬਾਅਦ ਵਿੱਚ ਕੀਤੇ ਜਾ ਸਕਦੇ ਹਨ।

ਸ਼ੁੱਕਰਵਾਰ ਦੇਰ ਰਾਤ ਦਿੱਲੀ ਪਹੁੰਚੇ ਮੁੱਖ ਗ੍ਰੰਥੀ ਨੇ ਕਿਹਾ, "ਅਫਗਾਨਿਸਤਾਨ ਤੋਂ ਇਸ ਕਠਿਨ ਸਮੇਂ ਮੈਨੂੰ ਕੱਢਣ ਲਈ ਮੈਂ ਭਾਰਤ ਸਰਕਾਰ ਦਾ ਬਹੁਤ ਧੰਨਵਾਦੀ ਹਾਂ।" ਉਨ੍ਹਾਂ ਕਿਹਾ ਕਿ ਉਹ ਕੇਵਲ 15 ਦਿਨਾਂ ਲਈ ਅਫਗਾਨਿਸਤਾਨ ਗਏ ਸਨ, ਅੱਠ ਮਹੀਨੇ ਬਾਅਦ ਭਾਰਤ ਮੁੜੇ ਹਨ, ਅਫਗਾਨਿਸਤਾਨ ਵਿੱਚ ਲੋਕ ਬਹੁਤ ਦਹਿਸ਼ਤ ਵਿੱਚ ਰਹਿ ਰਹੇ ਹਨ। ਮੁੱਖ ਗ੍ਰੰਥੀ ਸਤਵੀਰ ਸਿੰਘ ਨੇ ਕਿਹਾ, "ਤਾਲਿਬਾਨ ਦੇ ਕੁਝ ਵਫਦਾਂ ਨੇ ਸਾਨੂੰ ਸੁਰੱਖਿਆ ਅਤੇ ਸਹਿਯੋਗ ਦਾ ਭਰੋਸਾ ਦਿੱਤਾ ਸੀ।" ਉਨ੍ਹਾਂ ਇਹ ਵੀ ਕਿਹਾ ਕਿ ਅਫਗਾਨਿਸਤਾਨ ਵਿੱਚ ਕੰਮ ਕਰਦੇ ਹਿੰਦੂ ਅਤੇ ਸਿੱਖ ਭਾਰਤ ਆਉਣਾ ਚਾਹੁੰਦੇ ਹਨ।

ਅਫਗਾਨਿਸਤਾਨ ਵਿੱਚ 3.50 ਲੱਖ ਡਾਲਰ ਦੀ ਫਿਰੌਤੀ ਲੈਣ ਪਿੱਛੋਂ ਵੀ ਅਗਵਾਕਾਰਾਂ ਨੇ ਪ੍ਰਸਿੱਧ ਮਨੋਵਿਗਿਆਨੀ ਨਾਦੇਰ ਅਲੇਮੀ ਦੀ ਹੱਤਿਆ ਕਰ ਦਿੱਤੀ ਸੀ। ਦੇਸ਼ ਵਿੱਚ ਮਨੋਰੋਗੀਆਂ ਦੇ ਇਲਾਜ ਲਈ ਪਹਿਲਾ ਨਿੱਜੀ ਹਸਪਤਾਲ ਖੋਲ੍ਹਣ ਵਾਲੇ ਅਲੇਮੀ ਨੂੰ ਸਤੰਬਰ ਵਿੱਚ ਮਜ਼ਾਰ-ਏ-ਸ਼ਰੀਫ ਸ਼ਹਿਰ ਤੋਂ ਇੱਕ ਬੰਦੂਕਧਾਰੀ ਨੇ ਅਗਵਾ ਕੀਤਾ ਸੀ। ਅਲੇਮੀ ਦੀ ਧੀ ਮਨਿ-ਜੇਹ ਆਬਰੀਨ ਨੇ ਕਿਹਾ, ਹੱਤਿਆ ਤੋਂ ਪਹਿਲਾਂ ਮੇਰੇ ਪਿਤਾ ਨੂੰ ਤਸੀਹੇ ਦਿੱਤੇ ਗਏ। ਇੱਕ ਦਿਨ ਪਹਿਲਾਂ ਅਸੀਂ ਫਿਰੌਤੀ ਦੀ ਰਕਮ ਦਿੱਤੀ ਸੀ ਅਤੇ ਫਿਰ ਸਾਨੂੰ ਉਨ੍ਹਾਂ ਦੀ ਲਾਸ਼ ਮਿਲੀ ਹੈ।



# ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ 31 ਸਾਲਾ ਤਜਰਬੇ ਵਾਲੇ

## ਅਵਤਾਰ ਸਿੰਘ ਟਿਵਾਣਾ



- Free Evaluation of your Property
- Special Packages for First Time Buyer
- Arrangement of Low Mortgage rate Lawyer
- Arrangement of Home Inspection

Avtar Singh Tiwana
Sales Representative

Tel: 905.793.5777 416.802.5866

31 Melanie Dr. Unit #4 Brampton, ON L6T 5H8




CASTLEMORE/GOREWAY

ਬਰੈਂਪਟਨ ਵਿਚ ਬਹੁਤ ਹੀ ਸੋਹਣਾ ਅਤੇ ਸਾਫ਼ ਸੁਥਰਾ 3500-5000 ਵਰਗ ਦਾ 4 ਬੈੱਡਰੂਮ ਅਤੇ 5 ਵਾਸ਼ਰੂਮ ਦਾ ਘਰ, ਫਿਨਿਸ਼ਡ ਬੇਸਮੈਂਟ ਵਿਚ ਕਿਚਨ ਅਤੇ ਸੈਪਰੇਟ ਐਂਟਰੈਂਸ, ਮੇਨ ਫਲੋਰ 'ਤੇ 9 ਫੁੱਟ ਦੀ ਸੀਲਿੰਗ,ਫਾਰਮਲ ਲਿਵਿੰਗ, ਡਾਈਨਿੰਗ ਅਤੇ ਫੈਮਿਲੀ ਰੂਮ, ਮੇਨ ਫਲੋਰ ਤੇ ਡੇਨ, ਅਪਗ੍ਰੇਡ ਕਿਚਨ ਅਤੇ ਗਰੇਨਾਈਟ ਕਾਊਂਟਰ ਟਾਪ, 2 ਫਰਿਜ, 2 ਸਟੋਵ, 1 ਡਿਸ਼ਵਾਸ਼ਰ, ਕੱਪੜੇ ਧੋਣ ਲਈ ਮੇਨ ਫਲੋਰ 'ਤੇ ਵਾਸ਼ਰ ਅਤੇ ਡਰਾਈਅਰ, 4 ਕਾਰ ਪਾਰਕਿੰਗ ਨਾਲ ਡਬਲ ਡੋਰ ਗਰਾਜ। ਸਾਰੀਆਂ ਸਹੂਲਤਾਂ ਦੇ ਨੇੜੇ




8337 ਗਲਫ ਲਾਈਨ

401 & ਗਲਫ ਲਾਈਨ ਏਰੀਆ ਵਿਚ 2.61 ਏਕੜ ਲਾਟ ਵਿਚ ਬਣਿਆ ਬਹੁਤ ਹੀ ਸੁੰਦਰ ਘਰ। ਜਿਸ ਵਿਚ 2 ਬੈਡਰੂਮ, 1 ਵਾਸ਼ਰੂਮ ਹੈ। ਆਪਣਾ ਮਨਪਸੰਦ ਦਾ ਕਸਟਮ ਡਰੀਮ ਹਾਊਸ ਬਣਾਉਣ ਲਈ ਪਰਮਿਟ ਅਪਰੂਵਡ। ਹਾਈਵੇ 410 ਅਤੇ ਟਾਊਨ ਆਫ ਮਿਲਟਨ ਦੇ ਨਜਦੀਕ। ਏਅਰਪੋਰਟ ਤੋਂ ਕੁਝ ਹੀ ਮਿੰਟਾਂ ਦੀ ਦੂਰੀ ਉਤੇ। ਹੋਰ ਜਿਆਦਾ ਜਾਣਕਾਰੀ ਲਈ ਕਾਲ ਕਰੋ: 416-802-5866




26 Yellow RomeRd

ਕੈਸਲਮੋਰ/ਗੋਰਵੇ
ਕੈਸਲਮੋਰ/ਗੋਰਵੇ ਦੇ ਏਰੀਆ ਵਿਚ ਬਹੁਤ ਹੀ ਸੁੰਦਰ ਫੁਲੀ ਅਪਗ੍ਰੇਡਡ ਘਰ। 4 ਬੈਡਰੂਮ ਵਿਦ ਇਨਸੂਟ ਅਤੇ ਵਾਕਇਨ ਕਲਾਜਿਟ, ਮਾਡਰਨ ਕਿਚਨ ਗ੍ਰੇਨਾਈਟ ਕਊਂਟਰ ਟਾਪ ਦੇ ਨਾਲ। 2 ਬੈਡਰੂਮਜ ਦੀ ਫਿਨਿਸ਼ਡ ਬੇਸਮੈਂਟ ਵਿਦ ਸੈਪਰੇਟ ਐਂਟਰੈਂਸ, 6 ਵਾਸ਼ਰੂਮ, 2 ਫਰਿਜ, 2 ਸਟੋਵ, ਦੂਸਰੀ ਮੰਜ਼ਲ ਉਤੇ ਲਾਊਂਡਰੀ ਅਤੇ ਹੋਰ ਬਹੁਤ ਸਾਰੀਆਂ ਸਹੂਲਤਾਂ ਦੇ ਨਾਲ



jobs! jobs! jobs! jobs! jobs!

DUNDAS·JAFINE

# HELP WANTED

## ਕਾਮਿਆਂ ਦੀ ਲੋੜ

## ਜਨਰਲ ਲੇਬਰ ਦਾ ਕੰਮ ਉਪਲੱਬਧ ਹੈ

ਬਰੈਂਪਟਨ ਦੇ ਇਲਾਕੇ ਡੰਡਾਸ ਜੈਫਿਨ, Air Distribution Products ਦੀ Leading Manufacture company HVAC Industry ਲਈ ਫੁੱਲ ਟਾਈਮ ਪੋਜੀਸ਼ਨ ਉਪਲੱਬਧ ਹੈ।

Afternoon and Midnight Shifts Available.

ਕਾਮਿਆਂ ਨੂੰ ਹੇਠ ਲਿਖੇ ਕਾਰਨ ਵਿੱਚ ਸਮਰੱਥ ਹੋਣਾ ਜਰੂਰੀ ਹੈ:
* ਸੁਤੰਤਰ ਤੌਰ ਤੇ ਕੰਮ ਕਰੋ * 20Lbs ਤੱਕ ਭਾਰ ਚੁੱਕ ਸਕਣ
* ਆਪਣੇ Safety Shoes ਹੋਣੇ ਚਾਹੀ ਦੇ ਹਨ

ਅਪਲਾਈ ਕਰਨ ਲਈ ਆਪ ਪਹੁੰਚੋ: 80 West Drive, Brampton


Apply In Person to complete application in the Shipping Department



ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post

# CLASSIFIEDS

Starting at just $10
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202

# Matrimonial

## ਰਿਸ਼ਤੇ ਹੀ ਰਿਸ਼ਤੇ


Starting at just $10
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ
ਕਾਲ ਕਰੋ: 905-793-2202



Check our Free E-paper at:
www.canadianpunjabipost.ca
ਕਾਲ ਕਰੋ: 905-793-2202
ਪੰਜਾਬੀ ਪੋਸਟ


## ਲੜਕੀ ਦੀ ਲੋੜ

ਟਾਂਕ ਕਸ਼ੱਤਰੀ ਲੜਕਾਂ, ਉਮਰ 25 ਸਾਲ, ਕੈਨੇਡਾ ਪੀ.ਆਰ., ਕੱਦ 5.8 ਇੰਚ, ਲਈ ਡਿਗਰੀ ਕਰਨ ਆਈ ਕੈਨੇਡਾ ਵਿੱਚ ਕੱਚੇ ਜਾ ਪੱਕੇ ਤੌਰ 'ਤੇ ਰਹਿ ਰਹੀ ਲੜਕੀ ਦੀ ਲੋੜ। +1-204-557-6726 (ਕੈਨੇਡਾ) +91-99142-07712 Email: hrpreet.ca@gmail.com

ਸਰਾ ਪਰਿਵਾਰ ਦਾ ਲੜਕਾ, ਉਮਰ 33 ਸਾਲ, ਕੱਦ 5 ਫੁੱਟ 10 ਇੰਚ, ਬੀਬੀਏ ਕੀਤੀ ਹੋਈ ਹੈ, ਵਰਤਮਾਨ ਵਿਚ ਭਾਰਤ ਵਿਚ ਬਿਜ਼ਨਸ ਕਰ ਰਿਹਾ ਹੈ ਤੇ ਭਵਿੱਖ ਵਿਚ ਕੈਨੇਡਾ ਵਿਚ ਟਰਾਂਸਪੋਰਟੇਸ਼ਨ ਦਾ ਬਿਜ਼ਨਸ ਖੋਲ੍ਹਣ ਜਾ ਰਿਹਾ ਹੈ, ਲਈ ਸੁੰਦਰ ਸੁਸ਼ੀਲ ਲੜਕੀ ਦੀ ਲੋੜ ਹੈ। ਸੰਪਰਕ: 437-332-8422,
ਈ ਮੇਲ puneetasra17october@gmail.com

ਜੱਟ ਸਿੱਖ ਅੰਮ੍ਰਿਤਧਾਰੀ ਲੜਕਾ, ਉਮਰ 30 ਸਾਲ, ਕੱਦ 5'11'', B.A./B.Sc., 3 ਸਾਲ ਇੰਸ਼ੋਰੈਂਸ ਕੰਪਨੀ ਵਿਚ ਕੰਮ ਕੀਤਾ, ਹੁਣ ਡੀ.ਵੀ. ਮਾਰਟ ਕੰਪਨੀ ਲੁਧਿਆਣਾ ਵਿਖੇ ਕੰਮ ਕਰ ਰਿਹਾ ਹੈ। ਲੜਕਾ ਇੰਡੀਆ ਵਿਚ ਰਹਿ ਰਿਹਾ ਹੈ, ਚੰਗੀ ਜ਼ਮੀਨ ਹੈ ਤੇ ਇੱਕ ਭੈਣ ਕੈਨੇਡਾ ਵਿਚ ਵੈਲ ਸੈਟਲਡ ਹੈ, ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ ਉਤੇ ਰਹਿ ਰਹੀ ਲੜਕੀ ਦੀ ਲੋੜ ਹੈ। ਇੰਡੀਆ ਵਿਚ ਚੰਗੀ ਪੜ੍ਹੀ ਲਿਖੀ ਲੜਕੀ ਦਾ ਪਰਿਵਾਰ ਵੀ ਸੰਪਰਕ ਕਰ ਸਕਦਾ ਹੈ। ਸੰਪਰਕ: 416-219-8282, arshdeepkaurthind9@gmail.com.

Beautiful match, below 35yrs, for smart JatSikh boy, Canada PR, 39/5-11" BE/MBA, Highly paid job, R/U property in Canada/India, issueless divorcee, caste no bar, respond only with pics & details. **Whatsapp +16474968844 Email : matchjatt2018@gmail.com**

ਜੱਟ ਸਿੱਖ ਲੜਕਾ, 1994 ਕੱਦ 5 '11 , ਜੋ ਕਿ ਇੰਡੀਆ ਵਿਚ ਚੰਗੀ ਜੋਬ ਕਰਦਾ ਹੈ, ਲਈ ਕੈਨੇਡੀਅਨ ਪੀ ਆਰ, ਸਿਟੀਜਨ ਲੜਕੀ ਦੀ ਲੋੜ ਹੈ, ਸਟੱਡੀ ਵੀਜ਼ੇ ਵਾਲੇ ਵੀ ਸੰਪਰਕ ਕਰ ਸਕਦੇ ਹਨ। 416 400 2604 ਵਟਸਐਪ 8920619746

ਜੱਟ ਸਿੱਖ ਉਮਰ 28 ਸਾਲ ਕੱਦ 5''8 ਸਾਰੀ ਫੈਮਲੀ ਕਨੈਡਾ ਵਿਚ । ਲੜਕੇ ਨੇ 12 ਗਰੇਡ ਕੀਤੇ ਹੋਏ ਹਨ ਟਰੱਕਿੰਗ ਕੰਪਨੀ ਨਾਲ ਕੰਮ ਕਰ ਰਿਹਾ ਹੈ, ਚੰਗੀ ਆਮਦਨ ਆਪਣਾ ਘਰ ਜੋ ਕੇ ਕਿਰਾਏ ਤੇ ਦਿਤਾ ਹੈ। ਸਾਰੀ ਫੈਮਲੀ ਕੈਨੈਡਾ ਵਿਚ, ਫੈਮਲੀ ਦੇ ਨਾਲ ਹੀ ਰਹਿ ਰਿਹਾ ਹੈ। ਜਲੰਧਰ ਜਿਲ੍ਹੇ ਨੂੰ ਪਹਿਲ , ਲੜਕੀ ਸਿਟੀਜ਼ਨ, ਪੀਆਰ ਜਾਂ ਵਿਜ਼ਟਰ ਕੋਈ ਵੀ ਹੋਵੇ। ਸੰਪਰਕ : 647-948-8474 647-670-8013

Sikh Ramgarhiya family seeking match for their son 29 years, 6ft. Masters in Computer Science, working as a Software developer in a US based company. Boy is a PR and well settled in Canada. Preference will be given to someone already in Canada. Please contact +1-613-769-2680 or +91-97799-21292.

ਜੱਟ ਸਿੱਖ ਢਿੱਲੋਂ ਪਰਿਵਾਰ ਦਾ ਲੜਕਾ, ਉਮਰ 21 ਸਾਲ, ਕੱਦ 5'9'', ਕੈਨੇਡਾ ਵਿਚ ਰਹਿ ਰਹੇ ਲੜਕੇ ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ/ਸਟੂਡੈਂਟ ਲੜਕੀ ਦੀ ਜਰੂਰਤ ਹੈ। ਲੜਕੀ ਦੀ ਉਮਰ 18 ਤੋਂ 22 ਸਾਲ ਦੀ ਹੋਵੇ। ਸੰਪਰਕ: 437-223-2664

ਕੈਨੇਡਾ ਵਿਚ ਵੈੱਲ ਸੈਟਲਡ ਪੀ.ਆਰ. ਲੜਕਾ, ਟਰੱਕਿੰਗ ਇੰਡਸਟਰੀ ਵਿਚ ਵਧੀਆ ਨੌਕਰੀ ਕਰ ਰਿਹਾ, ਉਮਰ 30 ਸਾਲ, ਕੱਦ 5'9'' ਲਈ ਕੈਨੇਡੀਅਨ ਪੀ.ਆਰ./ਸਿਟੀਜਨ, ਵਰਕ ਪਰਮਿਟ ਜਾਂ ਆਪਣੇ ਪਰਿਵਾਰ ਨਾਲ ਰਹਿ ਰਹੀ ਲੜਕੀ ਦੀ ਲੋੜ ਹੈ। ਲੜਕੇ ਦੀ ਭੈਣ ਕੈਨੇਡਾ ਵਿਚ ਆਪਣੇ ਪਰਿਵਾਰ ਨਾਲ ਰਹਿੰਦੀ ਹੈ। ਸੰਪਰਕ: 647-608-4013

ਰਵੀਦਾਸੀਆ/ਰਾਮਦਾਸੀਆ ਸਿੱਖ ਲੜਕਾ, ਉਮਰ 27 ਸਾਲ, ਕੱਦ 5 ਫੁੱਟ 11 ਇੰਚ, ਕੈਨੀਡੀਅਨ ਸਿਟੀਜ਼ਨ, ਕੈਨੇਡਾ ਵਿਚ ਸਰਕਾਰੀ ਨੌਕਰੀ ਕਰ ਰਹੇ ਲੜਕੇ ਲਈ ਯੋਗ ਪੜ੍ਹੀ-ਲਿਖੀ ਲੜਕੀ ਦੀ ਲੋੜ ਹੈ। ਲੜਕਾ 21 ਸਾਲ ਤੋਂ ਕੈਨੇਡਾ ਵਿਚ ਰਹਿ ਰਿਹਾ ਹੈ ਅਤੇ ਪਿੱਛੋਂ ਪਰਿਵਾਰ ਲੁਧਿਆਣੇ ਤੋਂ ਹੈ। ਸੰਪਰਕ: 905-996-0127, 416-728-9390

## ਲੜਕੀ ਦੀ ਲੋੜ

Jatt Sikh boy truck driver, 5'11, born in 1992. Clean shave , vegetarian, Permanent Resident, 1.5 acres property in India. 2 residential properties in Brampton. Living in Brampton, well settled. Looking for a suitable match. Only serious inquiries. Contact-+1-416-991-9192

ਜੱਟ ਸਿੱਖ ਲੜਕਾ, 29, ਕੱਦ 5 ਫੁੱਟ, 9 ਇੰਚ, ਅਮਰੀਕਾ ਜੰਮਪਲ, ਸਾਰਾ ਪਰਿਵਾਰ ਵੈਲ ਸੈਟਲਡ, Residency doctor ਕਰ ਰਹੇ ਲੜਕੇ ਲਈ ਅਮਰੀਕਨ ਜਾਂ ਕੈਨੇਡੀਅਨ ਜੰਮਪਲ ਲੜਕੀ ਦੀ ਲੋੜ ਹੈ। ਸੰਪਰਕ:+12627165859, email: karan2@sbcglobal.net

ਸਿੱਖ ਅਰੋੜਾ ਲੜਕਾ, ਇਸ ਸਮੇਂ ਵਿਜ਼ਿਟਰ ਵੀਜ਼ੇ 'ਤੇ ਕੈਨੇਡਾ ਵਿਚ, ਯੋਗ ਕੰਨਿਆ ਦੀ ਜ਼ਰੂਰਤ ਹੈ। ਲੜਕੇ ਦੀ ਭੈਣ ਕੈਨੇਡਾ ਦੀ ਪੀ.ਆਰ. ਹੈ। ਪੰਜਾਬ ਵਿਚ ਚੰਗੀ ਜ਼ਮੀਨ ਅਤੇ ਬਿਜ਼ਨਸ ਹੈ। ਪਹਿਲੀ ਪਤਨੀ ਦੀ ਮੌਤ ਹੋ ਚੁੱਕੀ ਹੈ ਅਤੇ ਉਸ ਦਾ ਦੋ ਸਾਲ ਦਾ ਬੇਟਾ ਵੀ ਹੈ। ਜਾਤੀ ਬੰਧਨ ਨਹੀਂ। ਲੜਕੀ ਕੈਨੇਡਾ ਦੀ ਪੀ.ਆਰ. ਜਾਂ ਸਿਟੀਜਨ ਹੋਵੇ। ਸੰਪਰਕ: 647-625-5706

Well settled Punjabi Arora family seeks match for their PR son 34 years old, 6 feet tall, M.Com LLB, never smoking, never drinking, vegetarian, legally divorced after very short marriage, no relationship. Boy is almost unmarried. He is working as an officer in Leading Canadian Bank. Seeks educated family oriented girl from families in Canada/USA or new immigrant, PR, student or on work permit. Girl with very short marriage or never married will be preferred. Parents please send Bio-data and photo. Whatsapp or call at

ਜੱਟ ਸਿੱਖ ਲੜਕਾ ਉਮਰ 35 ਸਾਲ ਕੱਦ 5'11'' ਕਨੇਡੀਅਨ ਜਮ-ਪਲ, ਗੌਰਮਿੰਟ ਨੌਕਰੀ ਕਰਦਾ ਹੈ, ਦੇ ਵਾਸਤੇ ਲੜਕੀ ਦੀ ਲੋੜ ਹੈ। ਲੜਕੀ ਸਿੱਖ ਪਰਵਾਰ ਦੀ ਹੋਵੇ ਕੋਈ ਜਾਤ ਪਾਤ ਨਹੀਂ, ਲੜਕੀ ਪੀਆਰ ਜਾਂ ਸਟੂਡੈਂਟ ਹੋਵੇ ਤਾਂ ਵੀ ਵਿਚਾਰ ਕੀਤੀ ਜਾ ਸਕਦੀ ਹੈ। ਵਧੇਰੇ ਜਾਣਕਾਰੀ ਲਈ ਸੰਪਰਕ ਕਰੋ: (647)297-6661


# ਫਾਰਮ ਵਰਕਰ ਦੀ ਲੋੜ

ਨਰਸਰੀ ਅਤੇ ਫਾਰਮਾਂ ਵਿਚ ਕੰਮ ਕਰਨ ਲਈ ਤੁਰੰਤ ਵਰਕਰਾਂ ਦੀ ਲੋੜ ਹੈ। ਜ਼ਿਆਦਾ ਜਾਣਕਾਰੀ ਲਈ ਹੇਠ ਲਿਖੇ ਨੰਬਰਾਂ ਉਤੇ ਸੰਪਰਕ ਕੀਤਾ ਜਾ ਸਕਦਾ ਹੈ।
**ਮੋਬਾਇਲ: ਪਰਮਿੰਦਰ ਗਰੇਵਾਲ 647-391-1000**
**ਬਲਵੀਰ ਸਰਪੰਚ 289-541-5384**

# ਲੇਡੀਜ਼ ਵਰਕਰ ਦੀ ਲੋੜ

ਵਸਾਗਾ ਬੀਚ ਦੇ ਏਰੀਆ ਵਿਚ ਘਰ ਅਤੇ ਮੋਟਲ ਵਿਚ ਕਲੀਨਿੰਗ ਦਾ ਅਤੇ ਹੋਰ ਛੋਟੇ ਮੋਟੇ ਕੰਮ ਕਰਨ ਲਈ ਲੇਡੀਜ਼ ਵਰਕਰ ਦੀ ਲੋੜ ਹੈ। ਰਹਿਣ ਸਹਿਣ ਅਤੇ ਖਾਣ ਪੀਣ ਦੀ ਸਹੂਲਤ ਉਥੇ ਹੀ ਦਿੱਤੀ ਜਾਵੇਗੀ। ਤਨਖਾਹ ਬਾਰੇ ਅਤੇ ਹੋਰ ਜਾਣਕਾਰੀ ਲੈਣ ਲਈ ਕਾਲ ਕਰੋ :
**705-443-2556**


## ਲੜਕੇ ਦੀ ਲੋੜ

ਜੱਟ ਸਿੱਖ ਗਿੱਲ ਪਰਿਵਾਰ ਦੀ ਸੁੰਦਰ ਤੇ ਸੁਸ਼ੀਲ ਲੜਕੀ, ਜਨਮ ਮਿਤੀ 04-02-1991, ਕੱਦ 5 ਫੁੱਟ 3 ਇੰਚ, ਬੀਐਸਸੀ, ਐਮਐਸਸੀ (ਹਾਨਰਜ਼) ਬਾਇਓਫਿਜਿਕਸ + ਐਲਐਲਬੀ ਕੀਤੀ ਹੋਈ ਹੈ। ਆਈਲੈਟਸ ਵਿਚੋਂ 8 ਬੈਂਡ ਹਨ। ਐਕਸਪ੍ਰੈੱਸ ਐਂਟਰੀ ਵਿਚ ਇੰਡੀਆ ਤੋਂ ਕੈਨੇਡਾ ਪੀਆਰ ਦੀ ਫਾਈਲ ਲੱਗੀ ਹੋਈ ਹੈ। ਅੱਜ ਕੱਲ੍ਹ ਪੰਜਾਬ ਅਤੇ ਹਰਿਆਣਾ ਹਾਈਕੋਰਟ ਵਿਚ ਵਕੀਲ ਹੈ। ਲੜਕੀ ਨਾਨ ਵੈਜ ਖਾ ਲੈਂਦੀ ਹੈ। ਪੂਰਾ ਪਰਿਵਾਰ ਕੋਟਕਪੂਰਾ, ਜਿਲਾ ਫਰੀਦਕੋਟ, ਪੰਜਾਬ ਵਿਖੇ ਰਹਿ ਰਿਹਾ ਹੈ। ਨਿਊਕਲੀਅਰ ਪਰਿਵਾਰ ਹੈ, ਇਕ ਭਰਾ ਕੈਨੇਡਾ ਵਿਚ ਪੀਆਰ ਹੈ। ਲੜਕੀ ਦੇ ਪਿਤਾ ਪੰਜਾਬ ਪੁਲਸ ਵਿਚ ਨੌਕਰੀ ਕਰ ਰਹੇ ਹਨ। ਲੜਕੀ ਲਈ ਜੱਟ ਸਿੱਖ ਪਰਿਵਾਰ ਦੇ ਕੈਨੇਡਾ ਜਾਂ ਅਮਰੀਕਾ ਵਿਚ ਰਹਿੰਦੇ ਪੜ੍ਹੇ ਲਿਖੇ ਲੜਕੇ ਦੀ ਲੋੜ ਹੈ। ਸੰਪਰਕ:- ਕੈਨੇਡਾ +16476866500

Looking for PQ and Genuine Jat Sikh boy for 35/5 -7" beautiful, slim Software Engineer girl working in GTA (Canada PR) Innocently divorced in few months (Non-consummated Marriage).Caste no bar.Respond with your details at bestmatri10@gmail.com/+1647-267-3104

ਜੱਟ ਸਿੱਖ ਉਮਰ 35 ਸਾਲ ਕੱਦ 5'11'' ਪਤਲੀ ਰੰਗ ਗੋਰਾ, ਜਿਸ ਦੇ ਪਹਿਲੇ ਪਤੀ ਦੀ ਮੌਤ ਹੋ ਚੁਕੀ ਹੈ ਅਤੇ 9 ਸਾਲ ਦੀ ਇਕ ਲੜਕੀ ਹੈ। ਚੰਗੀ ਜਾਇਦਾਦ ਦੀ ਮਾਲਕ ਹੈ। ਲੋੜ ਪੈਣ ਤੇ 9 ਸਾਲ ਦੀ ਲੜਕੀ ਵੀ ਉਸ ਦੀ ਭੈਣ ਦੁਆਰਾ ਅਡਾਪਟ ਕੀਤੀ ਜਾ ਸਕਦੀ ਹੈ, ਲਈ ਅਮਰੀਕਨ ਜਾਂ ਕਨੇਡੀਅਨ ਇੰਮੀਗਰਾਂਟ ਵਰ ਦੀ ਲੋੜ ਹੈ। ਜਿਆਦਾ ਜਣਕਾਰੀ ਲਈ ਹੇਠ ਲਿਖੇ ਨੰ ਤੇ ਸੰਪਰਕ ਕੀਤਾ ਜਾ ਸਕਦਾ ਹੈ। 1-780-604-6580

Seeking a suitable match for Canadian citizen Ramdasia Sikh (GNM). Born August 1987 and height 5'1 .Working as a unit clerk (Government of Alberta) . Boy should be vegetarian and educated.Family settled in Canada Mother and Father in India.Please send complete biodata and pictures at ekamjotdahiya@gmail.com Contact number-+17802222608, +919988297352

ਜੱਟ ਸਿੱਖ ਢਿੱਲੋਂ ਪਰਿਵਾਰ ਦੀ ਲੜਕੀ, ਉਮਰ 28 ਸਾਲ, ਕੱਦ 5'2'' ਕੈਨੇਡੀਅਨ ਪੀ.ਆਰ. ਲਈ ਪੜ੍ਹੇ ਲਿਖੇ ਅਤੇ ਵੈਲ ਸੈਟਲਡ ਪੀ.ਆਰ./ਸਿਟੀਜਨ ਲੜਕੇ ਦੀ ਲੋੜ ਹੈ। ਲੜਕੇ ਦੀ ਉਮਰ 25 ਤੋਂ 30 ਸਾਲ ਦੇ ਵਿਚਕਾਰ ਹੋਵੇ। ਸੰਪਰਕ: 437-223-2664

ਜੱਟ ਸਿੱਖ ਲੜਕੀ, ਉਮਰ 33 ਸਾਲ, ਕੱਦ 5 ਫੁੱਟ 4 ਇੰਚ, ਇੰਡੀਆ ਤੋਂ MBA ਅਤੇ ਕੈਨੇਡਾ ਤੋਂ Marketing Management, Food Media ਦੀ ਪੜ੍ਹਾਈ ਕੀਤੀ ਹੋਈ ਹੈ। ਇੱਥੇ Health Care Screener ਦੇ ਤੌਰ 'ਤੇ ਕੰਮ ਕਰਦੀ ਹੈ, ਲਈ ਕੈਨੇਡੀਅਨ ਜਾਂ ਅਮਰੀਕਨ PR/Citizen ਲੜਕੇ ਦੀ ਲੋੜ ਹੈ। ਸੰਪਰਕ: 437-332-8422 E-mail : puneetasra17october@gmail.com

ਜੱਟ ਸਿੱਖ ਧਾਲੀਵਾਲ ਕੱਦ 5 ਫੁੱਟ 6 ਇੰਚ, ਉਮਰ 25 ਸਾਲ ਐਮਐਸਸੀ ਮੈਥ, ਇੰਡੀਆ ਵਿਚ ਰਹਿ ਰਹੀ ਲੜਕੀ ਲਈ ਜੱਟ ਸਿੱਖ ਕੈਨੇਡੀਅਨ ਇਮੀਗ੍ਰਾਂਟ ਜਾਂ ਸਿਟੀਜਨ ਲੜਕੇ ਦੀ ਲੋੜ ਹੈ। ਲੜਕੀ ਆਈਲਟਸ ਦਾ ਕੋਰਸ ਕਰ ਰਹੀ ਹੈ। ਜ਼ਿਆਦਾ ਜਾਣਕਾਰੀ ਲਈ ਹੇਠ ਲਿਖੇ ਨੰਬਰ ਉਤੇ ਸੰਪਰਕ ਕੀਤਾ ਜਾ ਸਕਦਾ ਹੈ। 613-799-8090, ਈਮੇਲ- Singhmanmohan2006@gmail.com


WWW.KULWINDERCHHINA.COM



KULWINDERCHHINA
BROKER
647.293.2327

STARLANE PAINTING
Residential • Commercial • Industrial
• Hotel • Motel • Exterior • Interior • Spray Painting • Office Painting • Drywall Fixing
Call For FREE Estimate
416.230.4000 • 647.409.1092
www.STARLANEPAINTING.com

ਫੋਨਾਂ ਦੇ ਸਸਤੇ ਪਲਾਨ ਗਾਰੰਟਿਡ
ਸਸਤੇ ਫੋਨਾਂ ਦੇ ਪਲਾਨ, ਕਿ ਸੁਣ ਕੇ ਹੋ ਜਾਉਗੇ ਹੈਰਾਨ,
ਇਕ ਵਾਰੀ ਅਜਮਾਓ ਤੇ ਫਿਰ ਹੋਰਾਂ ਨੂੰ ਵੀ ਲਿਆਓ
20 ਸਾਲਾਂ ਤੋਂ ਇਕੋ ਨਾਮ-ਇਕੋ ਦੁਕਾਨ
(905)790-9999
2565 Steeles Ave. E, Brampton (Steeles/Torbram)

(905)793-2202
You can Place Your Business Here
To Reach Wider Audience
For more info Call 905-793-2202 or e-mail ads@punjabipost.ca

A/Z CITY DRIVER WANTED
INNOVATION Transportation
- A/Z City Drivers Needed
- Good Pay and good Mileage
- Day, Afternoon & Weekend Shifts
- Weekly Pay
$22 /Hour
- 7 Days Work - All Shifts Available
Toronto ਤੇ Montreal ਲਈ ਵੀ ਡਰਾਇਵਰਾਂ ਦੀ ਲੋੜ ਹੈ
Call : 416- 268-9952
70 Delta Park Blvd, Unit # 4, Brampton

Check our Free E-paper at:
www.canadianpunjabipost.ca
ਕਾਲ ਕਰੋ: 905-793-2202
ਪੰਜਾਬੀ ਪੋਸਟ

A-One Drivers
TRAINING SCHOOL
G2, G ਦੀ ਹਿੰਦੀ, ਪੰਜਾਬੀ ਉਰਦੂ, ਅੰਗਰੇਜੀ ਭਾਸ਼ਾਵਾਂ ਦੇ ਵਿੱਚ ਪ੍ਰੋਫੈਸ਼ਨਲ ਤਰੀਕੇ ਨਾਲ ਟਰੇਨਿੰਗ ਦਿੱਤੀ ਜਾਂਦੀ ਹੈ
ਨਰਵਸ ਡਰਾਈਵਰ ਹੋ ਜਾਂ ਬਾਰ ਬਾਰ ਫੇਲ ਹੋਣ ਤੋਂ ਬਚਣ ਲਈ ਕਾਲ ਕਰ ਸਕਦੇ ਹੋ
ਫਰੀ ਪਿਕਅਪ
Best Rates For Lessons
] ਮੁਫਤ ਪਿਕਅਪ ਅਤੇ ਡਰਾਪ ਆਫ਼
] ਫੁੱਲ ਕੋਰਸ ਨਾਲ ਇੰਸ਼ੋਰੈਂਸ ਡਿਸਕਾਉਂਟ ਸਰਟੀਫਿਕੇਟ
] ਬਰੈਂਪਟਨ, ਮਿਸੀਸਾਗਾ ਦੇ ਇਲਾਕੇ ਵਿੱਚ ਸੇਵਾਵਾਂ
] ਵਾਜਿਬ ਕੀਮਤ



ਲੇਡੀ ਇੰਸਟ੍ਰਕਟਰ
647-998-7500 ਬਲਵਿੰਦਰ

# ਕੀ ਤੁਸੀਂ ਕਰਜ਼ੇ ਵਿੱਚ ਹੋ?

ਕੀ ਤੁਸੀਂ ਕਲੈਕਸ਼ਨ ਕਾਲ ਤੋਂ ਅੱਕ ਚੁੱਕੇ ਹੋ?

BOOK YOUR FREE CONSULTATION

ਹੁਣ ਘਬਰਾਉਣ ਦੀ ਜ਼ਰੂਰਤ ਨਹੀਂ
ਹੁਣ ਗੋਮਾ ਸੰਧੂ ਕਰਣਗੇ ਤੁਹਾਡੇ ਕਰੈਡਿਟ ਕਾਰਡ, ਲੋਨ ਤੇ ਟੈਕਸ ਦੇ ਕਰਜ਼ੇ ਦਾ ਹੱਲ ਤੇ ਤੁਹਾਡੇ ਕਰਜ਼ੇ ਦਾ ਲਗਭਗ 75% ਘਟਾਉਣ ਵਿੱਚ ਮਦਦ ਕਰਣਗੇ



ਜੇਕਰ ਤੁਸੀਂ ਸੂ ਹੋ ਚੁੱਕੇ ਹੋ ਤੇ ਤੁਸੀਂ ਘਰ ਤੇ ਲੀਨ ਪੈਣ ,ਵੇਜ ਗਾਰਨੀਸ਼ਮੈਂਟ ਅਤੇ ਬੈਂਕ ਅਕਾਊਂਟ ਨੂੰ ਫ੍ਰੀਜ਼ ਹੋਣ ਤੋਂ ਬਚਾਉਣਾ ਚਾਉਂਦੇ ਹੋ ,ਅਤੇ ਤੁਸੀਂ ਆਪਣੀ ਕਾਰ ਤੇ ਟਰੱਕ ਦੀ ਕਿਸ਼ਤ ਨਹੀਂ ਦਿੱਤੀ ਤੇ ਤੁਹਾਡਾ ਐਸੇਟ ਸਰਨਡਰ ਹੋ ਗਿਆ ਹੈ ਤਾ
ਹੁਣ ਹੀ ਮੁਫਤ ਸਲਾਹ ਲਈ ਕਾਲ ਕਰੋ ਗੋਮਾ ਸੰਧੂ 4167316382

- -Collection Calls
- -Personal Taxes
- -GST/HST
- -Credit Card Debts
- -Personal Loans
- -Pay Day Loans
- -Student Loans
- -Wage Garnishment
- -Writ on your property
- -Frozen Bank Accounts

CONTACT US:
Goma Sandhu
(416)-731-6382
gomasandhu@hotmail.com

WE HELP...
- -Save your Assets
- -Avoid Bankruptcy
- -Small monthly payments
- -Rebuild your credit

YOUR DEBT $ MY SOLUTION





Other Realtors only Promise
But JAG AUJLA SOLD YOUR HOME WITH
GUARANTEE

Advertisement GUARANTEED Till SOLD

Top 1% Broker
Call For a Quick & Free Home Evaluation
www.BramptonQuickHomeEvaluation.com

**2016,2015,2014,2013 2012,2011,2010) **(2009,2008) **(2010) **(2014)

# JAG AUJLA
REAL ESTATE BROKER

DIR: 416-371-7777
j.aujla@rogers.com www.jagaujla.com
RE/MAX Realty Specialist Inc., Brokerage (Independently Owned and Operated)
Off: 905-456-3232
www.BramptonTopRelator.com

ਘਰਾਂ ਦੀਆਂ ਨਵੀਆਂ ਲਿਸਟਿੰਗਾਂ (Listings) ਦੀ ਬਹੁਤ ਲੋੜ ਹੈ

CALEDON




ਕੈਨੇਡੀ / ਦੂੱਗਲ

ਬਰੈਂਡ ਨੀਉ ਘਰ ਸੇਲ ਲਈ ਉਪਲਬੱਧ ਹੈ। ਲਗਭਗ 2800 ਸੁਕੇਅਰ ਫੁੱਟ ਏਰੀਆ ਅਤੇ 42 ਫੀਟ ਵਾਈਡ ਕਾਰਨਰ ਲਾਟ ਹੈ ਜਿਸ ਵਿੱਚ 4 ਬੈਡਰੂਮ ਅਤੇ 4 ਵਾਸ਼ਰੂਮ ਹਨ। ਮੇਨ ਫਲੋਰ 10 ਫੁੱਟ ਸਿਲਿੰਗ। ਡਾਇਨੀਂਗ ਰੂਮ ਉਪਰ ਨੂੰ ਖੁੱਲਾ ਹੈ ਅਤੇ 19 ਫੁੱਟ ਹਾਈ ਸਿਲਿੰਗ ਹੈ। ਹਾਰਡਵੁਡ ਫਲੋਰ, ਓਕ ਸਟਰੇਅਰਜ਼। ਅਪਗ੍ਰੇਡੇਡ ਕਿਚਨ ਅਤੇ ਕੁਆਰਟਜ਼ ਕਾਉਨਟਰ ਟਾਪ। ਮੈਨ ਫਲੋਰ ਲਾਂਡਰੀ ਹੈ।
ਵਧੇਰੀ ਜਾਣਕਾਰੀ ਲਈ ਜੇਗ ਔਜਲਾ ਨਾਲ 416-371-7777 ਤੇ' ਸੰਪਰਕ ਕਰ ਸਕਦੇ ਹੋ।

BRAMPTON



Queen St / West Drive $514,905

12 laurelcrest St. 411
Queen St./West Drive

ਕੁਈਨ ਸਟਰੀਟ ਤੇ ਵੈਸਟ ਡਰਾਈਵ ਉਤੇ ਬਹੁਤ ਹੀ ਸੋਹਣਾ ਕੋਂਡੋ ਆਰਟਮੈਂਟ। 24 ਘੰਟੇ ਸਿਕਿਓਰਿਟੀ ਦੇ ਨਾਲ ਫੁਲੀ ਰੈਨੋਵੇਟਡ ਘਰ। ਜਿਸ ਵਿਚ ਮਾਸਟਰ ਬੈਡਰੂਮ, 4 ਪੀਸੀ ਵਾਸ਼ਰੂਮ ਇਨਸੂਟ ਹਨ। ਇਹ ਘਰ ਹੋਰ ਬਹੁਤ ਸਾਰੀਆਂ ਸਹੂਲਤਾਂ ਦੇ ਨਾਲ ਹਾਈਵੇ 410 ਦੇ ਨੇੜੇ ਹੈ।

BRAMPTON




$ 1,199,905 Bramlea Rd./Bovaird Dr.

2600 ਸਕੇਅਰ ਫੁੱਟ ਦਾ 45 ਫੁੱਟ ਦੀ ਲਾਟ ਦਾ ਡੀਟੈਚਡ ਘਰ, ਡਬਲ ਡੋਰ ਐਂਟਰੀ, 4 ਬੈਂਡਰੂਮ, 3 ਬੈਂਡਰੂਮ ਦੀ ਫਿਨਿਸ਼ਡ ਬੇਸਮੈਂਟ ਸੈਪਰੇਟ ਐਂਟਰੈਂਸ ਨਾਲ, 2 ਲਾਂਡਰੀ, ਅਪਗ੍ਰੇਡਡ ਕਿਚਨ, ਅਪਗ੍ਰੇਡਡ ਰੂਫ ਅਤੇ ਵੁੱਡ ਫਲੋਰ ਤੇ ਹੋਰ ਸਾਰੀਆਂ ਸਹੂਲਤਾਂ ਦੇ ਨਜ਼ਦੀਕ।
ਜਿਆਦਾ ਜਾਣਕਾਰੀ ਲਈ ਸੰਪਰਕ ਕਰੋ: 416-371-7777

BRAMPTON



24 Youngstar Tr
Hwy 50/Cottrelle

2+1 ਬੈਡਰੂਮ, 3 ਵਾਸ਼ਰੂਮ ਦਾ ਬਹੁਤ ਹੀ ਵਧੀਆ ਘਰ। ਜਿਸ ਵਿਚ ਫਿਨਿਸ਼ਡ ਵਾਕ ਆਊਟ, ਬੇਸਮੈਂਟ, ਡਬਲ ਡੋਰ ਐਂਟਰੀ, ਹਾਰਡਵੁੱਡ ਫ਼ਲੋਰ, 2 ਫਰਿਜ, 2 ਡਰਾਇਰ, 2 ਸਟੋਵ, 2 ਵਾਸ਼ਰ ਹਾਈਵੇ ਹਨ। ਇਹ ਘਰ ਹਾਈਵੇ 50, 427, 407 ਦੇ ਨੇੜੇ ਸਥਿਤ ਹੈ ਤੇ ਨਾਲ ਹੋਰ ਵੀ ਬਹੁਤ ਸਾਰੀਆਂ ਸਹੂਲਤਾਂ ਹਨ। ਜ਼ਿਆਦਾ ਜਾਣਕਾਰੀ ਲਈ ਸੰਪਰਕ ਕਰੋ:
416-371-7777

BRAMPTON




34 Winterfold Dr

CREDITVIEW & BOVAIRD
(MOUNT PLEASANT)

ਖੁੱਲ੍ਹਾ ਅਤੇ ਸ਼ਾਨਦਾਰ 2 ਮੇਨ ਐਂਟਰੈਂਸ ਵਾਲਾ ਘਰ, ਡਬਲ ਕਾਰ ਗਰਾਜ, ਓਪਨ ਕੰਸੈਪਟ ਕਿਚਨ ਬੈਕਸਪਲੈਸ ਦੇ ਨਾਲ, ਖੁੱਲ੍ਹਾ ਮਾਸਟਰ ਬੈਂਡਰੂਮ ਇਨਸੂਟ ਵਾਸ਼ਰੂਮ ਅਤੇ ਵਾਕਇਨ ਕਲਾਜ਼ਿਟ ਦੇ ਨਾਲ। 2 ਬੈਂਡਰੂਮ ਦੀ ਫਿਨਿਸ਼ਡ ਬੇਸਮੈਂਟ, ਖੁੱਲ੍ਹਾ ਡੁੱਲ੍ਹਾ ਬੈਕਯਾਰਡ। ਘਰ 2 ਵੱਖ-ਵੱਖ ਪਰਿਵਾਰਾਂ ਨੂੰ ਕਿਰਾਏ ਉਤੇ ਦਿੱਤਾ ਜਾ ਸਕਦਾ ਹੈ।




Orangeville Ontario L9W3X5

Orangeville Dufferin ਦੇ ਏਰੀਆ ਵਿਚ 5780 ਸਕੇਅਰ ਫੁਟ ਦਾ ਆਟੋ ਬਾਡੀ ਸ਼ਾਪ 1 ਏਕੜ ਦੀ ਜਗ੍ਹਾ, 3 ਗਰਾਜ ਡੋਰ 15 ਫੁੱਟ ਉਚਾਈ, 4 ਵਾਸ਼ਰੂਮ, 100 + ਕਾਰ ਪਾਰਕਿੰਗ, ਅਗਲੇ ਹਿੱਸੇ ਵਿਚ ਆਟੋ ਬਾਡੀ, ਕਾਰ ਰਿਪੇਅਰ ਅਤੇ ਬੈਕ ਸਾਈਡ ਉਤੇ ਕੋਈ ਹੋਰ ਬਿਜਨਸ ਚੱਲ ਰਿਹਾ ਹੈ। ਜਿਆਦਾ ਜਾਣਕਾਰੀ ਲਈ ਸੰਪਰਕ ਕਰੋ 416-371-7777






FRESH & LARGE VARIETY
Bread, Dairy & Eggs
Branded Foods
Fruits & Vegetables
Beverages & Confectionery
Grocery & Staples
Sweet & Samosas

SERVING FROM ALL LOCATIONS IN GTA AREA:

10 Westmore Drive
Etobicoke ON M9V-3Z7
416-740-3262

21 Lacoste Blvd,
Brampton, ON L6P 2K2
905 794-8109

621 Wanless drive, # 122
Brampton ON L7A 0A9
905-495-3336

1075 Ceremonial Drive
Mississauga ON L5R 2Z4
905-502-1600

80 Pertosa Drive
Brampton ON L5X-5E9
905-460-0009

10510 Torbram Road,
Brampton
905-790-0030

2120 North park Drive
Brampton ON L6S 0C9
905-793-1338

10 Pannahill Dr,
Brampton
905 913-8017